ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP TAXI SERVICES
CAR RENTALS & TAXI SERVICE
24 HOURS DELHI AIRPORT SERVICE

ਪੰਜਾਬ ਐਬਟਸਫੋਰਡ
ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish | ALBERTA Edmonton Calgary | ONTARIO Otttawa, Brampton Toronto | QUEBEC Montreal | USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 33, Issue No. 28 Ending Date: Jul 10, 2026

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARANG
604-613-9100

ਭਾਈ ਮੋਨਿੰਦਰ ਸਿੰਘ ਬੋਇਲ ਨੂੰ ਆ ਰਹੀਆਂ ਧਮਕੀਆਂ ਬਾਰੇ ਅੰਤਰਰਾਸ਼ਟਰੀ ਪੱਧਰ ਤੇ ਚਰਚਾ

ਜਨੇਵਾ:ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਨਾਮੀ ਸੰਸਥਾ ਇੰਟਰਨੈਸ਼ਨਲ ਸਰਵਿਸ ਫ਼ਾਰ ਹਿਊਮਨ ਰਾਈਟਸ ਵੱਲੋਂ ਜਾਰੀ ਕੀਤੀ ਗਈ ਨਵੀਂ ਰਿਪੋਰਟ ਵਿੱਚ ਭਾਈ ਮੋਨਿੰਦਰ ਸਿੰਘ ਵਿਰੁੱਧ ਆ ਰਹੀਆਂ ਧਮਕੀਆਂ ਅਤੇ ਚੇਤਾਵਨੀਆਂ ਦੇ ਮਾਮਲੇ ਨੂੰ ਟ੍ਰਾਂਸਨੈਸ਼ਨਲ ਰਿਪਰੈਸ਼ਨ ਦੇ ਗੰਭੀਰ ਕੇਸ ਵਜੋਂ ਦਰਜ ਉਕੀਤਾ ਗਿਆ ਹੈ। ਇਹ ਰਿਪੋਰਟ ਉਨ੍ਹਾਂ ਆਗੂਆਂ ਨੂੰ ਸ਼ਾਮਲ ਕਰਦਾ ਹੈ ਜੋ ਯੂਨਾਈਟਡ ਨੇਸ਼ਨਜ਼ ਦੇ ਮਨੁੱਖੀ ਅਧਿਕਾਰ ਕੌਂਸਲ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਕੰਮ ਕਰ ਰਹੇ ਹਨ। ਰਿਪੋਰਟ ਵਿੱਚ ਮਾਰਚ 2026 ਦੌਰਾਨ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਵਿੱਚ ਭਾਈ ਮੋਨਿੰਦਰ ਸਿੰਘ ਦੀ ਸ਼ਮੂਲੀਅਤ ਤੋਂ ਠੀਕ ਪਹਿਲਾਂ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਦਿੱਤੀਆਂ ਗਈਆਂ ਧਮਕੀਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਘਟਨਾ ਨੂੰ ਸਰਹੱਦਾਂ ਤੋਂ ਪਾਰ ਕੀਤੇ ਜਾ ਰਹੇ ਦਮਨ ਬਾਰੇ ਵਧ ਰਹੀਆਂ ਚਿੰਤਾਵਾਂ ਦੇ ਵਿਆਪਕ ਸੰਦਰਭ ਵਿੱਚ ਰੱਖਿਆ ਗਿਆ ਹੈ। ਜਿਵੇਂ-ਜਿਵੇਂ ਸਿੱਖ ਜਥੇਬੰਦੀਆਂ ਅੰਤਰਰਾਸ਼ਟਰੀ ਮੰਚਾਂ 'ਤੇ ਹੋਰ ਮਜ਼ਬੂਤੀ ਨਾਲ ਅੱਗੇ ਵੱਧ ਰਹੀਆਂ ਹਨ, ਤਿਵੇਂ-ਤਿਵੇਂ ਸਿੱਖ ਆਗੂਆਂ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਵੀ ਵਿਸ਼ਵ ਪੱਧਰ 'ਤੇ ਵਧੇਰੇ ਧਿਆਨ ਦਾ ਕੇਂਦਰ ਬਣ ਰਹੀਆਂ ਹਨ। ਸੰਯੁਕਤ ਰਾਸ਼ਟਰ ਨਾਲ ਸੰਬੰਧਤ ਇਸ ਵਿਸ਼ਵ ਪੱਧਰੀ ਰਿਪੋਰਟ (ਬਾਕੀ ਸਫਾ ਬੀ4 ਤੇ)

Award Winner Realtor in Fraser Valley
*RESIDENTIAL *COMMERCIAL *AGRICULTURAL
ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਜਾਂ ਵੇਚਣ ਵੇਲੇ ਵਾਜਬ ਰੇਟ ਅਤੇ ਸ਼ਾਨਦਾਰ ਸੇਵਾਵਾਂ ਲਈ ਹਮੇਸ਼ਾਂ ਯਾਦ ਰੱਖੋ
2026
DR. GURVINDER SINGH DHALIWAL®
ਡਾ. ਗੁਰਵਿੰਦਰ ਸਿੰਘ ਧਾਲੀਵਾਲ PERSONAL REAL ESTATE CORPORATION M.A., Ph.D
604-825-1550
gurvindersinghprec@gmail.com
WEBSITE:WWW.GURVINDERSINGHDHALIWAL.COM

ਗੁਰਦਵਾਰਾ ਨਾਨਕ ਨਿਵਾਸ ਰਿਚਮੰਡ ਦੇ ਪੰਜਾਬੀ ਸਕੂਲ ਦੇ ਬੱਚਿਆਂ ਨੂੰ ਵੰਡੇ ਸਰਟੀਫਿਕੇਟ

ਰਿਚਮੰਡ(ਬਲਵੰਤ ਸਿੰਘ ਸੰਘੇੜਾ): ਇੰਡੀਆ ਕਲਚਰਲ ਸੈਂਟਰ ਆਫ਼ ਕੈਨੇਡਾ ਗੁਰਦੁਆਰਾ ਨਾਨਕ ਨਿਵਾਸ 8600, ਨੰਬਰ ਪੰਜ ਰੋਡ, ਰਿਚਮੰਡ ਵਿਖੇ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਦੀਆ ਕਲਾਸਾਂ ਚੱਲ ਰਹੀਆਂ ਹਨ। ਇਨ੍ਹਾਂ ਕਲਾਸਾਂ ਵਿੱਚ ਮਾਂ ਬੋਲੀ ਪੰਜਾਬੀ ਦੀ ਪੜ੍ਹਾਈ ਦੇ ਨਾਲ ਬੱਚਿਆਂ ਨੂੰ ਸਿੱਖ ਧਰਮ, ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ। 28 ਜੂਨ ਦਿਨ ਐਤਵਾਰ ਨੂੰ ਬੱਚਿਆਂ ਦੀ ਇਸ ਸਾਲ ਦੀ ਆਖ਼ਰੀ ਕਲਾਸ ਸੀ। ਇਸ ਲਈ ਇੱਕ ਵਿਸ਼ੇਸ਼ ਸਮਾਗਮ ਵਿੱਚ ਬੱਚਿਆਂ ਨੂੰ ਸਰਟੀਫਿਕੇਟ ਦਿੱਤੇ ਗਏ। ਗੁਰਦੁਆਰਾ ਸਾਹਿਬ ਦੀ ਸਸਾਇਟੀ ਦੇ ਚੇਅਰਪਰਸਨ ਬੀਬੀ (ਬਾਕੀ ਸਫਾ ਬੀ-6 ਤੇ)

ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ• ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੇਵਿਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance
ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਤਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
604-562-7000, 604-314-0000
#397-8148-128 ST. (PAYAL BUSINESS CENTRE) SURREY

BRILLIANT COACH LABOUR CONTRACTING LTD
ਕੈਨਰੀ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਰਸਬੇਰੀ, ਸਟਰਾਅ ਬੇਰੀ, ਬਲਿਊ ਬੇਰੀ ਅਤੇ ਬਲੈਕ ਬੇਰੀ ਤੋੜਨ ਵਾਸਤੇ ਵਰਕਰਾਂ ਦੀ ਲੋੜ ਹੈ।
ਸਾਨੂੰ ਕਲਾਸ 4 ਅਤੇ 5 ਡਰਾਈਵਰਾਂ ਦੀ ਵੀ ਲੋੜ ਹੈ।
ਹੋਰ ਜਾਣਕਾਰੀ ਲਈ ਫੋਨ ਕਰੋ
778-536-0693

ਗੁਰੂ ਨਾਨਕ ਜ਼ਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

MOHIE Travel Ltd.
#122-32083 Hillcrest Ave, Abbotsford
• DOMESTIC & INTERNATIONAL TICKETS • TOURS • CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan 604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
» ਆਈ. ਸੀ. ਬੀ. ਕਲੇਮਜ਼ » ਪ੍ਰਾਈਵੇਟ ਕਲੇਮਜ਼ » ਫਰੀ ਐਸਟੀਮੇਟ
» ਫਰੀ ਕਰਟਸੀ ਕਾਰ » ਆਟੋ ਗਲਾਸ ਰਿਪਲੇਸਮੈਂਟ
• ICBC Claims • Private Claims • Free Courtesy Cars
• Auto Glass Replacement • Free Estimates Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ 778-552-0305

FARM AND SPICE

Weekly Special

July 03 - 09

Special Sampling in Certain Stores

Dairyland Unsalted Butter
454 gms $ 5.99 / Each

ਨਾਰੀਅਲ
Young Coconuts
2 For
$5.00

ਪੇਠਾ ਕਦੂ
Petha Kaddu
Per lb
$0.99

ਹਰੇ ਮਟਰ
Green Peas
Per lb
$2.49

ਸੇਬ
Apple Fuji / Red Delicious
Per lb
$1.49

ਦੇਸੀ ਟਿੰਡਾ
Desi Tinda
Per lb
$1.49

ਸੰਤਰੇ
Mandarin
Per lb
$1.49

ਰੂਸੈਟ ਆਲੂ
Russet Potatoes
10 Lbs
$3.99

ਲੀਚੀ
Lychee
Per lb
$2.49

ਸ਼ਾਨ ਅਚਾਰ
Shan Pickles Assorted
1 Kg
$3.99

ਵਾਗ ਬਕਰੀ ਚਾਹ
Wagh Bakri Tea
1Kg
$9.99

ਰੂਹਅਫਜ਼ਾ ਪਾਕਿਸਤਨੀ
Roohafza Pakistani
800 ML
1 Each
$3.99

ਸ਼ੇਰ ਖੰਡ
Sher White Cane Sugar
15 Lbs
$11.99

ਸਵੇਰਾ ਪਨੀਰ
Savera Paneer
341 gms
$4.49

ਸ਼ੇਰ ਬਾਸਮਤੀ
Sher Pure Long Basmati Rice
10 Lbs
$11.99

ਸਵੇਰਾ ਦੇਸੀ ਘਿਓ
Savera Desi Ghee
3.5 Lbs
$22.99

ਸ਼ੇਰ ਦੇਸੀ ਆਟਾ
Sher Desi Style Atta
20 Lbs
$14.99

*while supply last

Open 7 Days a Week
8:30 am to 10:00 pm

farmandspice.com

#9546-9548 Scott Town Plaza
96 Ave Scott Road Surrey

09-10 12830 96 Ave.
Surrey BC | Tel: 604 930 7742

103-104 14320 64 Ave.
Surrey BC | Tel: 604 593 6323

ਭਾਜਪਾ ਬਾਰੇ ਜ਼ੁਬਾਨ ਹੁਣ ਬੰਦ ਕਿਉਂ ਹੈ?

ਬਾਬਾ ਹਰਨਾਮ ਸਿੰਘ ਧੁੰਮਾ ਨੇ ਤਾਂ ਸਿੱਖਾਂ ਨੂੰ ਇੰਝ ਲੱਗਣ ਲਾ ਦਿੱਤਾ ਸੀ ਕਿ ਬਸ ਮੇਰੀ ਬੀਜੇਪੀ ਨਾਲ ਯਾਰੀ ਪੈ ਗਈ ਹੈ ਤੇ ਪ੍ਰਧਾਨ ਮੰਤਰੀ ਪੈ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵਿੰਦਰ ਫੜਨਵੀਸ ਨਾਲ ਮੇਰੀ ਸਿੰਧੀ ਗੱਲਬਾਤ ਹੈ, ਮੈਂ ਤਾਂ ਹੁਣ ਸਿੱਖ ਕੌਮ ਦੇ ਸਾਰੇ ਮਸਲੇ ਹੱਲ ਕਰਾ ਦਿਆਂਗਾ, ਸਿੱਖ ਤਾਂ ਮੂਰਖ ਨੇ ਜਿਹੜੇ ਐਵੇਂ ਧਰਨੇ-ਮੋਰਚੇ ਤੇ ਹੋਰ ਸੰਘਰਸ਼ ਕਰਦੇ ਫਿਰਦੇ ਨੇ। ਬਾਬਾ ਧੁੰਮਾ ਆਖਦਾ ਸੀ ਕਿ ਬੀਜੇਪੀ ਹੀ ਸਾਰੇ ਮਸਲਿਆਂ ਦਾ ਹੱਲ ਹੈ ਤੇ ਬਾਬੇ ਧੁੰਮੇ ਨੇ ਬਾਬਾ ਦੀਪ ਸਿੰਘ ਜੀ ਦੀ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਦਮਦਮੀ ਟਕਸਾਲ ਨੂੰ ਬੀਜੇਪੀ ਕੋਲ ਵੇਚ ਦਿੱਤਾ ਸੀ।ਪਰ ਬੀਜੇਪੀ ਵਾਲਿਆਂ ਨੇ ਧੁੰਮੇ ਦਾ ਕੌਡੀ ਮੁੱਲ ਨਾ ਪਾਇਆ, ਬਾਬਾ ਧੁੰਮਾ ਖ਼ੁਦ ਵੀ ਰੁਲਿਆ, ਟਕਸਾਲ ਵੀ ਹੋਲੀ ਤੇ ਸਿੱਖ ਕੌਮ ਤੋਂ ਲਾਹਣਤਾਂ ਵੀ ਖੱਟੀਆਂ ਤੇ ਬੀਜੇਪੀ ਤੋਂ ਆਪਣੀ ਅਤੇ ਕੌਮ ਦੀ ਹੋਣੀ ਵੀ ਕਰਵਾਈ। ਬਾਬੇ ਧੁੰਮੇ ਦੇ ਯਾਰ ਦਵਿੰਦਰ ਫੜਨਵੀਸ ਦੀ ਮਹਾਂਰਾਸ਼ਟਰ 'ਚ ਭਾਜਪਾ ਸਰਕਾਰ ਹੈ ਜਿਸ ਨੇ ਮਹਾਂਰਾਸ਼ਟਰ ਦੇ ਸਿੱਖਾਂ ਦੀਆਂ ਹਜ਼ਾਰਾਂ ਕਿਰਪਾਨਾਂ ਜ਼ਬਤ ਕੀਤੀਆਂ ਤੇ ਉਹਨਾਂ ਤੋ ਕੇਸ ਪਾਏ ਪਰ ਸ਼ਰਮਿੰਦੇ ਹੋਏ ਬਾਬੇ ਧੁੰਮੇ ਨੇ ਮੂੰਹ 'ਚ ਘੁੰਗਣੀਆਂ ਪਾਈ ਰੱਖੀਆਂ, ਮਜ਼ਾਲ ਹੈ ਕਿ ਉਸ ਨੇ ਆਪਣੇ ਆਕਾਵਾਂ ਦੇ ਖਿਲਾਫ਼ ਇੱਕ ਲਫ਼ਜ਼ ਵੀ ਬੋਲਿਆ ਹੋਵੇ। ਜ਼ੁਲਮ ਦੇ ਖਾਤਮੇ ਲਈ ਜਿਹੜੀ ਕਿਰਪਾਨ ਕਲਗੀਧਰ ਪਾਤਸ਼ਾਹ ਨੇ ਬਖ਼ਸ਼ੀ ਸੀ ਜਿਸ ਨਾਲ ਜ਼ਾਲਮ ਮੁਗਲ ਭਜਾਏ ਅਤੇ ਹਿੰਦੂਆਂ ਦੀਆਂ ਬਹੂ-ਬੇਟੀਆਂ ਦੀ ਰਾਖੀ ਕੀਤੀ ਤੇ ਇਸ ਕਿਰਪਾਨ ਨੂੰ ਕਕਾਰਾਂ ਵਿੱਚ ਵੀ ਸਤਿਕਾਰਿਆ ਗਿਆ। ਅੱਜ ਹਿੰਦੂਤਵੀ ਸਰਕਾਰਾਂ ਉਸੇ ਕਿਰਪਾਨ 'ਤੇ ਬੈਨ ਲਗਾਉਂਦੀਆਂ ਫਿਰਦੀਆਂ ਨੇ ਤੇ ਬਾਬਾ ਧੁੰਮਾ ਜੀ ਬੀਜੇਪੀ ਦੀ ਜੈ-ਜੈਕਾਰ ਕਰੀ ਜਾ ਰਹੇ ਨੇ, ਇਸ ਤੋਂ ਵੱਧ ਕੇ ਹੋਰ ਬੇੜਾ ਗਰਕ ਕੀ ਹੋ ਸਕਦਾ ਹੈ ! ਬਾਬਾ ਧੁੰਮਾ ਤਾਂ ਹੁਣ ਬੀਜੇਪੀ ਦੇ ਏਜੰਡੇ ਤਹਿਤ ਹੀ ਕੰਮ ਕਰ ਰਿਹਾ ਹੈ। ਹਿਮਾਚਲ ਦੇ ਗੁਰਧਾਮਾਂ ਅਤੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਦੇ ਉੱਤਰਾਖੰਡ ਵਿੱਚ ਸਿੱਖਾਂ ਨਾਲ ਐਨੀ ਧੱਕੇਸ਼ਾਹੀ ਹੋਈ ਪਰ ਬਾਬੇ ਧੁੰਮ ਨੇ ਅੱਖਾਂ ਮੀਟ ਲਈਆਂ ਤਾਂ ਜੋ ਉਸ ਦੀ ਇੰਗਲੈਂਡ ਫੇਰੀ ਵਿੱਚ ਕੋਈ ਅੜਚਨ ਨਾ ਆ ਜਾਵੇ। ਹੁਣ ਮਹਾਂਰਾਸ਼ਟਰ ਦੀ ਸਰਕਾਰ ਨੇ ਸੱਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਢਾਂਚੇ ਦਾ 1956 ਵਾਲਾ ਪੁਰਾਣਾ ਕਾਨੂੰਨ ਰੱਦ ਕਰ ਕੇ ਨਵਾਂ ਕਾਨੂੰਨ ਲਿਆਂਦਾ ਹੈ ਜਿਸ ਦੇ ਖਰੜੇ ਨੂੰ ਕੈਬਨਿਟ ਨੇ ਪਾਸ ਕਰ ਦਿੱਤਾ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ, ਪੰਜ ਪਿਆਰੇ, ਸੰਗਤਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ ਕਿ ਇਹ ਸਿੱਖਾਂ ਦੇ ਗੁਰਧਾਮਾਂ ਵਿੱਚ ਸਰਕਾਰ ਦੀ ਦਖਲਅੰਦਾਜ਼ੀ ਹੈ ਤੇ ਸਿੱਖਾਂ ਤੋਂ ਪੁੱਛੇ ਬਿਨਾਂ ਹੀ ਸਰਕਾਰ ਫੇਰ-ਬਦਲ ਕਰੀ ਜਾ ਰਹੀ ਹੈ। ਪਰ ਬਾਬਾ ਧੁੰਮਾ ਜੀ ਨੇ ਬੀਬੇ ਬੱਚੇ ਵਾਂਗ ਮੂੰਹ 'ਤੇ ਉਂਗਲ ਰੱਖ ਕੇ ਚੁੱਪ ਧਾਰਨ ਕਰ ਲਈ ਹੈ ? ਬਾਬੇ ਧੁੰਮੇ ਦਾ ਸਿੱਧਾ ਜਿਹਾ ਫਾਰਮੂਲਾ ਹੈ ਕਿ ਪੰਥ ਭਾਵੇਂ ਢੱਠੇ ਖੂਹ ਵਿੱਚ ਪਵੇ ਪਰ ਉਸ ਦੀ ਬੀਜੇਪੀ ਨਾਲ ਕਿਤੇ ਵਿਗੜ ਨਾ ਜਾਵੇ। ਬਾਬੇ ਧੁੰਮੇ ਨੇ ਪਹਿਲਾਂ ਦਮਦਮੀ ਟਕਸਾਲ ਸਰਕਾਰ ਦੇ ਹਵਾਲੇ ਕਰ ਦਿੱਤੀ ਤੇ ਹੁਣ ਤਖ਼ਤ ਸ੍ਰੀ ਹਜ਼ੂਰ ਸਾਹਿਬ ਵੀ ਸਿੱਧਮ- ਸਿੱਧਾ ਬੀਜੇਪੀ ਸਰਕਾਰ ਦੀ ਝੋਲੀ ਵਿੱਚ ਪਵਾ ਦੇਣਗੇ, ਸਿੱਖਾਂ ਨੂੰ ਸਨਾਤਨੀ ਤਾਂ ਉਹ ਪਹਿਲਾਂ ਹੀ ਅਖਵਾ ਚੁੱਕੇ ਨੇ, ਹਿੰਦੂਤਵੀ ਕਰਮਕਾਂਡ ਵੀ ਕਰਦੇ ਨੇ, ਕੁੰਭ ਚ ਇਸ਼ਨਾਨ ਕਰਨਾ, ਪੱਥਰ ਪੂਜਣੇ, ਭਗਵੇਂ ਕੱਪੜੇ ਪਾਉਣੇ, ਧੂੰਏਂ ਲਾਉਣੇ, ਬਾਦਲਾਂ ਤੇ ਬੀਜੇਪੀ ਦੇ ਤਲਵੇ ਚੱਟਣੇ ਤੇ ਪੰਥਕ ਸਿਧਾਂਤਾਂ ਨੂੰ ਰੋਲਣਾ ਉਸਦੇ ਮੁੱਖ ਕਰਤੱਵ ਹਨ। ਮਹਾਂਰਾਸ਼ਟਰ ਦੇ ਸਿੱਖ ਹੁਣ ਬਾਬਾ ਧੁੰਮਾਂ ਹਾਜ਼ਰ ਹੋ' ਦੇ ਹੋਕੇ ਲਾ ਰਹੇ ਨੇ ਕਿ ਆਪਣੇ ਬੀਜੇਪੀ ਦੇ ਆਕਾਵਾਂ ਅੱਗੇ ਕੋਈ ਤਰਲਾ-ਮਿੰਨਤਾ ਮਾਰ ਕੇ ਆਪਣਾ ਸਿਆਸੀ ਭਾਰ ਵਧਾਓ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਬਚਾਓ। ਪਰ ਇਹਨਾਂ ਸਿੱਖਾਂ ਨੂੰ ਦੱਸ ਦਿਓ ਕਿ ਅਜੇ ਬਾਬਾ ਧੁੰਮਾ ਜੀ ਇੰਗਲੈਂਡ ਵਿੱਚ ਡਾਲਰ-ਪਾਊਂਡ ਇਕੱਠੇ ਕਰ ਰਹੇ ਨੇ ਕਿਉਂਕਿ ਇਸੇ ਫੰਡ ਦੇ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਵੀ ਤਾਂ ਬੀਜੇਪੀ ਨੂੰ ਜਿਤਾਉਣੀਆਂ ਹਨ।

ਰਣਜੀਤ ਸਿੰਘ ਦਮਦਮੀ ਟਕਸਾਲ
(ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ)
ਮੋਂ: 8872293883



ਇਜ਼ਰਾਈਲ ਨੇ ਜਾਣਬੁੱਝ ਕੇ ਫਲਸਤੀਨੀ ਬੱਚਿਆਂ ਨੂੰ ਨਿਸ਼ਾਨਾ ਬਣਾ ਕੇ ਗਾਜ਼ਾ ਵਿੱਚ ਨਸਲਕੁਸ਼ੀ ਜਾਰੀ ਰੱਖੀ:ਸੰਯੁਕਤ ਰਾਸ਼ਟਰ

ਦਿੱਲੀ:-ਸੰਯੁਕਤ ਰਾਸ਼ਟਰ ਜਾਂਚ ਕਮਿਸ਼ਨ ਦੁਆਰਾ ਜਾਰੀ 94 ਪੰਨਿਆਂ ਦੀ ਰਿਪੋਰਟ ਦੇ ਅਨੁਸਾਰ, ਯੁੱਧ ਦੇ ਪਹਿਲੇ ਦੋ ਸਾਲਾਂ ਵਿੱਚ ਗਾਜ਼ਾ ਵਿੱਚ ਘੱਟੋ-ਘੱਟ 20,179 ਬੱਚੇ ਮਾਰੇ ਗਏ ਅਤੇ 44,143 ਜ਼ਖਮੀ ਹੋਏ, ਜੋ ਕਿ ਕੁੱਲ ਮੌਤਾਂ ਦਾ ਲਗਭਗ ਇੱਕ ਤਿਹਾਈ ਹੈ। ਕਮਿਸ਼ਨ ਨੇ ਕਿਹਾ ਕਿ ਮੌਤਾਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਸਕਦੀ ਹੈ, ਕਿਉਂਕਿ ਮੰਨਿਆ ਜਾਂਦਾ ਹੈ ਕਿ ਹਜ਼ਾਰਾਂ ਬੱਚੇ ਅਜੇ ਵੀ ਮਲਬੇ ਹੇਠ ਦੱਬੇ ਹੋਏ ਹਨ। ਨਵੀਂ ਦਿੱਲੀ: ਸੰਯੁਕਤ ਰਾਸ਼ਟਰ (ਯੂ.ਐਨ.) ਜਾਂਚ ਕਮਿਸ਼ਨ ਨੇ ਦੋਸ਼ ਲਗਾਇਆ ਹੈ ਕਿ ਇਜ਼ਰਾਈਲ ਗਾਜ਼ਾ ਵਿੱਚ ਫਲਸਤੀਨੀਆਂ ਵਿਰੁੱਧ ਨਸਲਕੁਸ਼ੀ ਜਾਰੀ ਰੱਖ ਰਿਹਾ ਹੈ, ਜਾਣਬੁੱਝ ਕੇ ਫਲਸਤੀਨੀ ਬੱਚਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ।ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ, ਸੰਯੁਕਤ ਰਾਸ਼ਟਰ ਦੇ ਕਬਜ਼ੇ ਵਾਲੇ ਫਲਸਤੀਨੀ ਖੇਤਰਾਂ (ਜਿਸ ਵਿੱਚ ਪੂਰਬੀ ਯਰੂਸ਼ਲਮ ਵੀ ਸ਼ਾਮਲ ਹੈ) ਅਤੇ ਇਜ਼ਰਾਈਲ 'ਤੇ ਸੁਤੰਤਰ ਅੰਤਰਰਾਸ਼ਟਰੀ ਜਾਂਚ ਕਮਿਸ਼ਨ ਨੇ ਕਿਹਾ ਕਿ ਉਸਨੂੰ "ਇਹ ਮੰਨਣ ਦੇ ਵਾਜਬ ਆਧਾਰ ਮਿਲੇ ਹਨ ਕਿ ਇਜ਼ਰਾਈਲੀ ਸੁਰੱਖਿਆ ਬਲਾਂ ਨੇ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਲਈ ਜਾਣਬੁੱਝ ਕੇ ਘਾਤਕ ਤਾਕਤ ਦੀ ਵਰਤੋਂ ਕੀਤੀ। ਇਹ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਅਤੇ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦੇ ਤਹਿਤ ਨਾਗਰਿਕਾਂ ਨੂੰ ਮਨਮਾਨੇ ਢੰਗ ਨਾਲ ਮਾਰਨ ਅਤੇ ਨਿਸ਼ਾਨਾ ਬਣਾਉਣ ਵਿਰੁੱਧ ਪਾਬੰਦੀ ਦੀ ਉਲੰਘਣਾ ਹੈ। ਇਹ ਕਾਰਵਾਈਆਂ ਜਾਣਬੁੱਝ ਕੇ ਮਾਰਨ ਦੇ ਯੁੱਧ ਅਪਰਾਧ ਅਤੇ ਮਨੁੱਖਤਾ ਵਿਰੁੱਧ ਅਪਰਾਧ ਨੂੰ ਖਤਮ ਕਰਨ ਦਾ ਗਠਨ ਕਰਦੀਆਂ ਹਨ।"ਉਨ੍ਹਾਂ ਅੱਗੇ ਕਿਹਾ ਕਿ ਅਕਤੂਬਰ 2025 ਵਿੱਚ ਜੰਗਬੰਦੀ ਤੋਂ ਬਾਅਦ ਵੀ, "ਬੱਚਿਆਂ ਦੀ ਹੱਤਿਆ ਅਤੇ ਗੰਭੀਰ ਸੱਟਾਂ ਜਾਰੀ ਹਨ, ਕਿਉਂਕਿ ਇਜ਼ਰਾਈਲ ਜੰਗਬੰਦੀ ਅਤੇ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਫਲਸਤੀਨੀ ਬੱਚਿਆਂ ਦੀ ਰੱਖਿਆ ਕਰਨ ਦੀ ਆਪਣੀ ਜ਼ਿੰਮੇਵਾਰੀ ਨੂੰ ਨਜ਼ਰਅੰਦਾਜ਼ ਕਰਨਾ ਜਾਰੀ ਰੱਖਦਾ ਹੈ।

(ਮੁੱਖ ਪੰਨੇ ਦੀ ਬਾਕੀ)

ਵਿੱਚ ਇਸ ਮਾਮਲੇ ਦਾ ਸ਼ਾਮਲ ਹੋਣਾ ਦਰਸਾਉਂਦਾ ਹੈ ਕਿ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਸਿੱਖ ਫੈਡਰੇਸ਼ਨ ਦੀ ਪ੍ਰਭਾਵਸ਼ਾਲੀ ਭੂਮਿਕਾ ਵੱਧ ਰਹੀ ਹੈ ਅਤੇ ਇਹ ਵੀ ਉਜਾਗਰ ਕਰਦਾ ਹੈ ਕਿ ਖ਼ਾਲਿਸਤਾਨ ਅਤੇ ਮਨੁੱਖੀ ਅਧਿਕਾਰਾਂ ਲਈ ਸਿੱਖ ਸਰਗਰਮੀ ਨੂੰ ਬੰਦ ਕਰਵਾਉਣ ਦੇ ਇੰਡੀਆ ਦੇ ਲਗਾਤਾਰ ਯਤਨਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਬੇਨਕਾਬ ਕਰਨਾ ਕਿੰਨਾ ਜ਼ਰੂਰੀ ਹੈ।

THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਰਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ

Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

12383-83A Ave, Surrey, BC

SAVVY Immigration Services Inc.

iccrc crcic

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

*Temporary Visa *Student Visa
*Work Permit *Permanent Immigration
*Humanitarian & Compassionate Cases

Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday

FIXMAN GLASS REPAIR LTD

Auto
Residential
Commercial

"We Are The Clear Choice" GLASS EXPRESS

Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service

- ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ
- ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
- ਲਾਈਫਟਾਈਮ ਵਾਰੰਟੀ
- ਮੋਬਾਈਲ ਸਰਵਿਸ
- ਬੱਗ ਸਕਰੀਨ ਵੀ ਲਾਉਂਦੇ ਹਾਂ
- ਕਾਰ ਨੂੰ ਮੁਫਤ ਸਾਫ ਕਰਦੇ ਹਾਂ
- ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ

2 Locations Serves You

SURREY
#301-14640-64Ave Surrey
Ph:604-657-0003

LANGLEY
#102-5968 205A St
Ph:778-258-3000

Mandeep Dhaliwal

www.fixmanglass.com Email:fixmanglass@gmail.com

Punjab TRAVELS

Special offer!

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5

SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

ਗੋਤਾਖੋਰ ਕਮਲਪ੍ਰੀਤ ਸੈਣੀ 'ਤੇ ਹੋਏ ਕਥਿਤ ਹਮਲੇ ਦੀ ਮੈਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਾ ਹਾਂ":ਗੁਰਪ੍ਰਤਾਪ (ਗੁਰੀ) ਗਿੱਲ

ਰੂਪ ਨਗਰ (ਰੋਪੜ):ਸ੍ਰੀ ਅਨੰਦਪੁਰ ਸਾਹਿਬ ਦੇ ਪਿੰਡ ਭੱਲੜੀ ਵਿੱਚ ਕਥਿਤ ਨਾਜਾਇਜ਼ ਮਾਈਨਿੰਗ ਖ਼ਿਲਾਫ਼ ਲਗਾਤਾਰ ਆਵਾਜ਼ ਬੁਲੰਦ ਕਰ ਰਹੇ ਗੋਤਾਖੋਰ ਕਮਲਪ੍ਰੀਤ ਸੈਣੀ 'ਤੇ ਹੋਏ ਕਥਿਤ ਹਮਲੇ ਦੀ ਮੈਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਾ ਹਾਂ। ਇਹ ਘਟਨਾ ਸਿਰਫ਼ ਇੱਕ ਵਿਅਕਤੀ 'ਤੇ ਹਮਲਾ ਨਹੀਂ, ਸਗੋਂ ਉਨ੍ਹਾਂ ਸਭ ਲੋਕਾਂ ਨੂੰ ਡਰਾਉਣ ਦੀ ਕੋਸ਼ਿਸ਼ ਜਾਪਦੀ ਹੈ ਜੋ ਕਥਿਤ ਗੈਰ-ਕਾਨੂੰਨੀ ਗਤੀਵਿਧੀਆਂ ਦੇ ਖ਼ਿਲਾਫ਼ ਆਵਾਜ਼ ਉਠਾਉਂਦੇ ਹਨ।

ਰੋਪੜ ਜ਼ਿਲ੍ਹੇ ਵਿੱਚ ਕਥਿਤ ਨਾਜਾਇਜ਼ ਮਾਈਨਿੰਗ ਲੰਮੇ ਸਮੇਂ ਤੋਂ ਲੋਕਾਂ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਚੋਣਾਂ ਵੇਲੇ ਵੱਡੇ-ਵੱਡੇ ਵਾਅਦੇ ਕਰਨ ਵਾਲੇ ਰੋਪੜ ਦੇ ਵਿਧਾਇਕ ਅੱਜ ਇਸ ਗੰਭੀਰ ਮੁੱਦੇ 'ਤੇ ਚੁੱਪੀ ਧਾਰੇ ਬੈਠੇ ਹਨ। ਜੇਕਰ ਸਰਕਾਰ ਅਤੇ ਸਥਾਨਕ ਨੁਮਾਇੰਦੇ ਇਮਾਨਦਾਰੀ ਨਾਲ ਕਾਰਵਾਈ ਕਰਦੇ, ਤਾਂ ਲੋਕਾਂ ਨੂੰ ਆਪਣੀ ਜਾਨ ਜੋਖ਼ਮ ਵਿੱਚ ਪਾ ਕੇ ਕਥਿਤ ਨਾਜਾਇਜ਼ ਮਾਈਨਿੰਗ ਦੇ ਖ਼ਿਲਾਫ਼ ਆਵਾਜ਼ ਨਾ ਉਠਾਉਣੀ ਪੈਂਦੀ। ਰੋਪੜ ਦੇ ਵਿਧਾਇਕ ਨੂੰ ਪੰਜਾਬ ਦੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਹਲਕੇ ਵਿੱਚ ਕਥਿਤ ਨਾਜਾਇਜ਼ ਮਾਈਨਿੰਗ ਕਿਉਂ ਨਹੀਂ ਰੁਕ ਰਹੀ? ਕੀ ਕਾਰਨ ਹੈ ਕਿ ਵਾਰ-ਵਾਰ ਸ਼ਿਕਾਇਤਾਂ ਅਤੇ ਵਿਵਾਦਾਂ ਦੇ ਬਾਵਜੂਦ ਸਥਿਤੀ ਵਿੱਚ ਕੋਈ ਠੋਸ ਸੁਧਾਰ ਨਹੀਂ ਆਇਆ? ਲੋਕ ਇਸ ਦੇ ਜਵਾਬ ਚਾਹੁੰਦੇ ਹਨ।

ਜੇਕਰ ਪ੍ਰਸ਼ਾਸਨ ਸਮੇਂ ਸਿਰ ਪ੍ਰਭਾਵਸ਼ਾਲੀ ਕਾਰਵਾਈ ਕਰਦਾ, ਤਾਂ ਅੱਜ ਅਜਿਹੀਆਂ ਘਟਨਾਵਾਂ ਸਾਹਮਣੇ ਨਾ ਆਉਂਦੀਆਂ। ਇਸ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਇਹ ਵੀ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ ਕਿ ਕੀ ਕਿਸੇ ਅਧਿਕਾਰੀ ਦੀ ਲਾਪਰਵਾਹੀ ਜਾਂ ਕਿਸੇ ਹੋਰ ਦੀ ਭੂਮਿਕਾ ਰਹੀ ਹੈ।

ਮੈਂ ਪੰਜਾਬ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਕਮਲਪ੍ਰੀਤ ਸੈਣੀ 'ਤੇ ਹੋਏ ਕਥਿਤ ਹਮਲੇ ਦੀ ਉੱਚ ਪੱਧਰੀ ਅਤੇ ਨਿਰਪੱਖ ਜਾਂਚ ਕਰਵਾਈ ਜਾਵੇ, ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਰੋਪੜ ਜ਼ਿਲ੍ਹੇ ਵਿੱਚ ਕਥਿਤ ਨਾਜਾਇਜ਼ ਮਾਈਨਿੰਗ ਖ਼ਿਲਾਫ਼ ਵਿਆਪਕ ਮੁਹਿੰਮ ਚਲਾ ਕੇ ਦੋਸ਼ੀਆਂ ਨੂੰ ਕਾਨੂੰਨ ਦੇ ਘੇਰੇ ਵਿੱਚ ਲਿਆਂਦਾ ਜਾਵੇ। ਰੋਪੜ ਦੇ ਲੋਕ ਹੁਣ ਜਵਾਬ ਚਾਹੁੰਦੇ ਹਨ, ਬਹਾਨੇ ਨਹੀਂ। ਜੇਕਰ ਸਰਕਾਰ ਅਤੇ ਵਿਧਾਇਕ ਕਥਿਤ ਨਾਜਾਇਜ਼ ਮਾਈਨਿੰਗ ਨਹੀਂ ਰੋਕ ਸਕਦੇ, ਤਾਂ ਉਨ੍ਹਾਂ ਨੂੰ ਆਪਣੇ ਵਿਧਾਇਕ ਪਦ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ।

SARDAR JI ACADEMY
...KNOWLEDGE TEST...
CAR, TRUCK, TAXI & AIR BRAKE

ਲਰਨਿੰਗ ਲਾਇਸੈਂਸ ਦੀ ਪੰਜਾਬੀ ਅਤੇ ਅੰਗਰੇਜੀ ਵਿਚ ਤਿਆਰੀ ਕਰਵਾਈ ਜਾਂਦੀ ਹੈ
FORKLIFT TRAINING
ਇਥੇ ਫੋਰਕਲਿਫਟ ਦੇ ਲਾਇਸੈਂਸ ਅਤੇ ਸਿਟੀਜਨਸ਼ਿਪ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ
Ph:778-892-4655
#201-12885-85Ave, Surrey
Near Gurdwara Dashmesh Darbar

LANGLEY
BANQUET HALL

ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder S. Grewal
604-537-9759
info@langleybanquethall.com
3227 264 St UNIT #6, Aldergrove, BC V4W 2X3

ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

1 ਜੁਲਾਈ ਦਿਨ ਬੁੱਧਵਾਰ ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਗਿਆਨ ਸਿੰਘ ਧਾਲੀਵਾਲ ਪਰਿਵਾਰ ਵੱਲੋਂ
2 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਨਵਦੀਪ ਸਿੰਘ ਕਲਸੀ ਪਰਿਵਾਰ ਵੱਲੋਂ
4 ਜੁਲਾਈ ਦਿਨ ਸ਼ਨੀਵਾਰ ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਸ. ਬੂਟਾ ਸਿੰਘ ਪਰਿਵਾਰ ਵੱਲੋਂ
4 ਜੁਲਾਈ ਦਿਨ ਸ਼ਨੀਵਾਰ ਸਵੇਰੇ 11 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਤਜਿੰਦਰ ਸਿੰਘ ਗਿੱਲ ਪਰਿਵਾਰ ਵੱਲੋਂ
4 ਜੁਲਾਈ ਦਿਨ ਸ਼ਨੀਵਾਰ ਪਾਠ ਸ੍ਰੀ ਸੁਖਮਨੀ ਸਾਹਿਬ ਸ. ਸੁਖਦੇਵ ਸਿੰਘ ਦਾਤਾ ਪਰਿਵਾਰ ਵੱਲੋਂ
4 ਜੁਲਾਈ ਦਿਨ ਸ਼ਨੀਵਾਰ ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਸ. ਰਵਿੰਦਰ ਸਿੰਘ ਪਰਿਵਾਰ ਵੱਲੋਂ
5 ਜੁਲਾਈ ਦਿਨ ਐਤਵਾਰ ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਸਰਦਾਰਨੀ ਉਪਦੇਸ਼ ਕੌਰ ਪਰਿਵਾਰ ਵੱਲੋਂ
5 ਜੁਲਾਈ ਦਿਨ ਐਤਵਾਰ ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਜਸਵੰਤ ਸਿੰਘ ਬੱਲ ਪਰਿਵਾਰ ਵੱਲੋਂ
6 ਜੁਲਾਈ ਦਿਨ ਸੋਮਵਾਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਸ. ਜੀਤ ਸਿੰਘ ਸੰਘੇੜਾ ਪਰਿਵਾਰ ਵੱਲੋਂ

ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ

ਰਾਗੀ ਜੱਥਾ	ਕਥਾਵਾਚਕ	ਤਬਲਾ ਸਿੱਖਣ ਲਈ ਸੰਪਰਕ ਕਰੋ:
ਸਤਨਾਮ ਸਿੰਘ ਲੁਧਿਆਣੇ ਵਾਲੇ	ਗਿਆਨੀ ਨਿਰਵੈਲ ਸਿੰਘ ਬੀੜ ਬਾਬਾ ਬੁੱਢਾ ਜੀ ਵਾਲੇ	604-585-0319

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ
ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

ਜੇਲ੍ਹ ਨੇ ਮੇਰੀ ਇਨਸਾਨੀਅਤ ਤੇ ਸਮਝਦਾਰੀ ਖੋਹ ਲਈ:ਉਮਰ ਖਾਲਿਦ

ਨਵੀਂ ਦਿੱਲੀ:-ਵਿਦਿਆਰਥੀ ਕਾਰਕੁਨ ਉਮਰ ਖਾਲਿਦ ਨੇ ਕਿਹਾ ਹੈ ਕਿ ਸਾਲਾਂ ਦੀ ਕੈਦ ਨੇ ਉਸ ਤੋਂ ਇਨਸਾਨੀਅਤ ਅਤੇ ਕਈ ਵਾਰ ਸਮਝਦਾਰੀ ਦੋਵਾਂ ਨੂੰ ਖੋਹ ਲਿਆ ਹੈ, ਕਿਉਂਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਇੱਕ ਅਜਿਹੇ ਸਮਾਜ ਦੀ ਪ੍ਰਧਾਨਗੀ ਕਰ ਰਹੀ, ਜਿੱਥੇ ਨਫਰਤ ਅਤੇ ਗਲਤ ਜਾਣਕਾਰੀ ਆਮ ਗੱਲ ਹੋ ਗਈ ਹੈ।2020 ਵਿੱਚ ਦਿੱਲੀ ਦੰਗਿਆਂ ਨਾਲ ਸੰਬੰਧਤ ਦੋਸ਼ਾਂ ਵਿੱਚ ਜੇਲ੍ਹ ਜਾਣ ਤੋਂ ਬਾਅਦ ਆਪਣੀ ਪਹਿਲੀ ਇੰਟਰਵਿਊ ਵਿੱਚ ਖਾਲਿਦ ਨੇ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬਿਨਾਂ ਕਿਸੇ ਮੁਕੱਦਮੇ ਦੇ ਲਗਪਗ ਛੇ ਸਾਲ ਬਿਤਾਉਣ ਦੇ ਮਨੋਵਿਗਿਆਨਕ ਨੁਕਸਾਨ ਦਾ ਵਰਣਨ ਕੀਤਾ ਹੈ। ਉਸ ਨੇ ਇੰਗਲੈਂਡ ਦੇ ਅਖਬਾਰ 'ਦੀ ਗਾਰਡੀਅਨ' ਨੂੰ ਦਿੱਤੀ ਇੰਟਰਵਿਊ ਵਿੱਚ ਕਿਹਾ, 'ਤੁਸੀਂ ਆਪਣੇ ਬਾਰੇ ਉਨ੍ਹਾਂ ਸਾਥੀ ਕੈਦੀਆਂ, ਜਿਨ੍ਹਾਂ ਨਾਲ ਤੁਸੀਂ ਖਾਣਾ ਸਾਂਝਾ ਕਰਦੇ ਹੋ, ਤੋਂ ਵੀ ਅਜਿਹੀ ਫੁਸਰ-ਫੁਸਰ ਸੁਣਦੇ ਹੋ ਕਿ ਇਹ ਤਾਂ ਦਹਿਸ਼ਤਗਰਦ ਹੈ। ਇਹ ਪ੍ਰਚਾਰ ਲੋਕਾਂ ਦੀਆਂ ਨਜ਼ਰਾਂ ਵਿੱਚ ਮੈਨੂੰ ਘਟੀਆ ਬਣਾਉਂਦਾ ਹੈ।ਖਾਲਿਦ ਨੇ ਪਾਬੰਦੀਆਂ ਕਾਰਨ ਪਰਵਾਰਕ ਮੈਂਬਰਾਂ ਅਤੇ ਦੋਸਤਾਂ ਰਾਹੀਂ 'ਦੀ ਗਾਰਡੀਅਨ' ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ, 'ਮਨੁੱਖਤਾ ਇੱਕ ਅਜਿਹਾ ਸਨਮਾਨ ਹੈ, ਜੋ ਮੇਰੇ ਵਰਗੇ ਲੋਕਾਂ ਨੂੰ ਨਹੀਂ ਦਿੱਤਾ ਜਾਂਦਾ।' ਸਲਾਖਾਂ ਪਿੱਛੇ ਬਿਤਾਏ ਸਾਲਾਂ ਨੂੰ ਦਰਸਾਉਂਦਿਆਂ 38 ਸਾਲਾ ਖਾਲਿਦ ਨੇ ਕਿਹਾ ਕਿ ਉਸ ਦੇ ਆਲੇ-ਦੁਆਲੇ ਬਣਾਇਆ ਗਿਆ, ਉਸ ਦਾ ਜਨਤਕ ਅਕਸਰ ਅਕਸਰ ਇੱਕ ਵਿਅਕਤੀ ਵਜੋਂ ਉਸ ਦੀ ਪਛਾਣ ਨੂੰ ਢੱਕ ਦਿੰਦਾ ਹੈ। 'ਜਦੋਂ ਤੁਸੀਂ ਸਿਰਫ ਇੱਕ ਅਕਸ ਤੱਕ ਸੀਮਤ ਹੋ ਜਾਂਦੇ ਹੋ, ਭਾਵੇਂ ਉਹ ਨਕਾਰਾਤਮਕ ਹੋਵੇ ਜਾਂ ਸਕਾਰਾਤਮਕ, ਤਾਂ ਨਾ ਸਿਰਫ ਆਪਣੀ ਇਨਸਾਨੀਅਤ ਨੂੰ, ਸਗੋਂ ਕਈ ਵਾਰ ਆਪਣੀ ਸਮਝਦਾਰੀ ਨੂੰ ਵੀ ਬਣਾਈ ਰੱਖਣਾ ਮੁਸ਼ਕਲ ਹੋ ਜਾਂਦਾ ਹੈ। ਜਿਹੜੇ ਲੋਕ ਤੁਹਾਡੇ ਨਾਲ ਹਮਦਰਦੀ ਰੱਖਦੇ ਹਨ ਜਾਂ ਤੁਹਾਨੂੰ ਤੁਹਾਡੇ ਤੋਂ ਵੱਡੇ ਵਿਅਕਤੀ ਵਜੋਂ ਪੇਸ਼ ਕਰਦੇ ਹਨ, ਉਹ ਵੀ ਭੁੱਲ ਜਾਂਦੇ ਹਨ ਕਿ ਮੈਂ ਇੱਕ ਅਜਿਹਾ ਇਨਸਾਨ ਹਾਂ, ਜਿਸ ਵਿੱਚ ਆਪਣੀਆਂ ਕਮਜ਼ੋਰੀਆਂ, ਡਰ ਅਤੇ ਕਮੀਆਂ ਹਨ ਅਤੇ ਇਹ ਕਿ ਜੇਲ੍ਹ ਵਿੱਚ ਇਨ੍ਹਾਂ ਲੰਮੇ ਸਾਲਾਂ ਨੇ ਮੇਰੇ ਮਨ ਅਤੇ ਸਰੀਰ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ।'ਖਾਲਿਦ ਨੂੰ ਸਤੰਬਰ 2020 ਵਿੱਚ ਦਹਿਸ਼ਤਗਰਦੀ ਵਿਰੋਧੀ ਕਾਨੂੰਨ ਤਹਿਤ 2020 ਦੇ ਦਿੱਲੀ ਦੰਗਿਆਂ ਵਿੱਚ ਮੁੱਖ ਸਾਜ਼ਿਸ਼ਕਰਤਾ ਹੋਣ ਅਤੇ ਸਟੇਟ ਖਿਲਾਫ ਹਿੰਸਾ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਉਣ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ।ਖਾਲਿਦ ਨੇ ਲਗਾਤਾਰ ਦੋਸ਼ਾਂ ਤੋਂ ਇਨਕਾਰ ਕੀਤਾ ਹੈ।ਖਾਲਿਦ ਨੇ 'ਦੀ ਗਾਰਡੀਅਨ' ਨੂੰ ਦੱਸਿਆ ਕਿ ਜੇਲ੍ਹ ਨੇ ਦੇਸ਼ ਦੇ ਰਾਜਨੀਤਕ ਮਾਹੌਲ ਬਾਰੇ ਉਸ ਦੇ ਵਿਚਾਰ ਨਹੀਂ ਬਦਲੇ ਹਨ।ਉਸ ਨੇ ਨਫਰਤ ਭਰੇ ਭਾਸ਼ਣਾਂ ਅਤੇ ਨਸਲਕੁਸ਼ੀ ਵਾਲੀ ਭਾਸ਼ਾ ਦੇ ਸਧਾਰਨੀਕਰਨ ਅਤੇ ਵਡਿਆਈ ਵਜੋਂ ਵਰਣਨ 'ਤੇ ਚਿੰਤਾ ਪ੍ਰਗਟ ਕੀਤੀ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਨੇਤਾ ਨੇ ਕਾਰਕੁਨਾਂ ਅਤੇ ਅਸਹਿਮਤੀ ਪ੍ਰਗਟਾਉਣ ਵਾਲਿਆਂ ਨੂੰ ਜੇਲ੍ਹਾਂ 'ਚ ਡੱਕਣ 'ਤੇ ਸਿਆਸਤਦਾਨਾਂ ਅਤੇ ਸਿਵਲ ਸਮਾਜ ਦੇ ਵਰਗਾਂ ਦੀ ਚੁੱਪੀ ਦੀ ਵੀ ਆਲੋਚਨਾ ਕੀਤੀ।ਉਸ ਨੇ ਕਿਹਾ, 'ਛੇ ਸਾਲ ਬਾਅਦ ਮੈਂ ਇਹ ਜ਼ਰੂਰ ਕਹਾਂਗਾ ਕਿ ਮੈਂ ਸੱਚਮੁੱਚ ਨਿਰਾਸ਼ ਹਾਂ ਅਤੇ ਇੱਥੋਂ ਤੱਕ ਕਿ ਨਿੱਖੜਿਆ ਮਹਿਸੂਸ ਕਰ ਰਿਹਾ ਹਾਂ।ਵਿਰੋਧੀ ਪਾਰਟੀਆਂ, ਸਿਵਲ ਸੁਸਾਇਟੀ ਸਮੂਹਾਂ, ਮਸ਼ਹੂਰ ਕਾਰਕੁਨਾਂ, ਜਿਨ੍ਹਾਂ ਲੋਕਾਂ ਦੇ ਅੰਦੋਲਨਾਂ ਦੇ ਸਹਾਰੇ ਆਪਣਾ ਕੈਰੀਅਰ ਬਣਾਇਆ ਹੈ, ਦੀ ਚੁੱਪੀ ਇਸ ਹਕੂਮਤ ਨੂੰ ਅਸੰਤੁਸ਼ਟਾਂ ਦਾ ਪਿੱਛਾ ਕਰਨ ਲਈ ਸ਼ਿਸ਼ਕਾਰਦੀ ਹੈ।ਖਾਲਿਦ ਨੇ ਕਿਹਾ ਕਿ ਕਈ ਸਾਲ ਜੇਲ੍ਹ ਵਿੱਚ ਰਹਿਣ ਦੇ ਬਾਵਜੂਦ ਉਸ ਨੇ ਆਪਣਾ ਈਮਾਨ ਨਹੀਂ ਛੱਡਿਆ। 2019 ਵਿੱਚ ਨਾਗਰਿਕਤਾ ਵਿਰੋਧੀ ਕਾਨੂੰਨ ਦੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਆਪਣੇ ਸੰਦੇਸ਼ ਨੂੰ ਯਾਦ ਕਰਦੇ ਹੋਏ ਉਸ ਨੇ ਇਸ ਦਰਸ਼ਨ ਨੂੰ ਦੁਹਰਾਇਆ, ਜਿਸ ਨੇ ਉਸ ਦੀ ਸਰਗਰਮੀ ਨੂੰ ਸੇਧ ਦਿੱਤੀ : ਅਸੀਂ ਹਿੰਸਾ ਦਾ ਜਵਾਬ ਹਿੰਸਾ ਨਾਲ ਨਹੀਂ ਦੇਵਾਂਗੇ। ਅਸੀਂ ਨਫਰਤ ਦਾ ਜਵਾਬ ਨਫਰਤ ਨਾਲ ਨਹੀਂ ਦੇਵਾਂਗੇ। ਜੇ ਉਹ ਨਫਰਤ ਫੈਲਾਉਂਦੇ ਹਨ, ਤਾਂ ਅਸੀਂ ਇਸ ਦਾ ਜਵਾਬ ਪਿਆਰ ਨਾਲ ਦੇਵਾਂਗੇ।

ਗੁਰੂ ਰਵਿਦਾਸ ਮਹਾਰਾਜ ਦਾ ਸੰਦੇਸ਼ ਕੋਨੇ-ਕੋਨੇ ਤੱਕ ਪਹੁੰਚਾਵਾਂਗੇ:ਮਾਨ

ਸੰਗਰੂਰ-ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਇਤਿਹਾਸਕ ਅਤੇ ਸ਼ਰਧਾਪੂਰਵਕ ਮਨਾਉਣ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ 50 ਮੋਬਾਇਲ ਡਾਕੂਮੈਂਟਰੀ ਵੈਨਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ ਮੁਹਿੰਮ ਤਹਿਤ ਐੱਲ ਈ ਡੀ ਨਾਲ ਲੈਸ ਮੋਬਾਇਲ ਵੈਨਾਂ ਰਾਹੀਂ ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ ਦੇ ਲਗਭਗ 13,000 ਪਿੰਡਾਂ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫੇ ਅਤੇ ਪਵਿੱਤਰ ਸਿੱਖਿਆਵਾਂ 'ਤੇ ਆਧਾਰਤ 30 ਮਿੰਟ ਦੀ ਦਸਤਾਵੇਜ਼ੀ ਦਿਖਾਈ ਜਾਵੇਗੀ।ਇਸ ਮੌਕੇ ਨੂੰ ਬੇਹੱਦ ਮਾਣ ਵਾਲੀ ਗੱਲ ਦੱਸਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਇਹ ਇੱਕ ਹੋਰ ਅਜਿਹੀ ਨੇਕ ਪਹਿਲਕਦਮੀ ਹੈ, ਜੋ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਪ੍ਰਤੀ ਸੂਬੇ ਦੀ ਸ਼ਰਧਾ ਅਤੇ ਸਤਿਕਾਰ ਨੂੰ ਦਰਸਾਉਂਦੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਅਤੇ ਇਸ ਨੇਕ ਕਾਰਜ ਲਈ 100 ਕਰੋੜ ਰੁਪਏ ਦਾ ਬਜਟ ਰਾਖਵਾਂ ਰੱਖਿਆ ਗਿਆ ਹੈ।

(ਮੁੱਖ ਪੰਨੇ ਦੀ ਬਾਕੀ) ਕਸ਼ਮੀਰ ਕੌਰ ਜੌਹਲ ਤੇ ਪ੍ਰਧਾਨ ਮੋਹਣ ਸਿੰਘ ਸੰਧੂ ਅਤੇ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਅਧਿਆਪਕਾਂ ਅਤੇ ਸੰਗਤਾਂ ਦੀ ਹਾਜ਼ਰੀ ਵਿੱਚ ਬੱਚਿਆਂ ਨੂੰ ਸਰਟੀਫਿਕੇਟ ਦੇ ਨਾਲ ਉਨ੍ਹਾਂ ਦੀ ਹੌਸਲਾ ਹਫ਼ਜ਼ਾਈ ਲਈ ਬੱਚਿਆਂ ਨੂੰ ਇਨਾਮ ਭੀ ਦਿੱਤੇ ਬਲਵੰਤ ਸਿੰਘ ਸੰਘੇੜਾ ਨੇ ਪੰਜਾਬੀ ਕਲਾਸਾਂ ਦੀ ਸਫਲਤਾ ਲਈ ਬੱਚਿਆ, ਉਨ੍ਹਾਂ ਦੇ ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਧੰਨਵਾਦ ਵੀ ਕੀਤਾ ਹਫਤਾਵਾਰੀ ਕੀਰਤਨ ਦੀਵਾਨ ਵਿਚ ਇਹਨਾ ਬੱਚਿਆ ਨੇ ਬਹੁਤ ਹੀ ਆਨੰਦ ਮਈ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ, ਉਪਰੰਤ ਸਭ ਨੇ ਰਲ ਮਿਲ ਕੇ ਲੰਗਰ ਹਾਲ ਵਿੱਚ ਪੀਜ਼ੇ ਅਤੇ ਲੰਗਰ ਦਾ ਆਨੰਦ ਮਾਣਿਆ, ਛੁੱਟੀਆ ਤੋ ਬਾਅਦ ਪੰਜਾਬੀ ਕਲਾਸਾਂ ਦਿਨ ਐਤਵਾਰ 6 ਸਤੰਬਰ ਤੋ ਫਿਰ ਆਰੰਭ ਹੋਣਗੀਆ।

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ

ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey

TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads

Need Company Drivers
Single Driver Pay 52cents/mile
Team Drivers 32 cents/mile

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

VELOCITY TRUCK CENTRES

YOUR ALL-MAKES, ALL-MODELS PARTS HUB

ਇੱਕ ਗਲੋਬਲ ਇਨਵੈਂਟੋਰੀ ਅਤੇ DTNA ਡਿਸਟ੍ਰੀਬਿਊਸ਼ਨ ਨੈੱਟਵਰਕ ਦੁਆਰਾ ਸਮਰਥਿਤ
ਅਸੀਂ ਤੁਹਾਡੇ ਫਲੀਟ ਨੂੰ ਚਲਦੇ ਰੱਖਦੇ ਹਾਂ। ਹੈਵੀ-ਡਿਊਟੀ ਟਰੱਕਾਂ ਅਤੇ ਟ੍ਰੇਲਰਾਂ ਤੋਂ ਲੈ ਕੇ ਮੋਟਰਹੋਮਾਂ ਤੱਕ
ਅਸੀਂ ਤੁਹਾਨੂੰ ਲੋੜੀਂਦੇ ਪੁਰਜ਼ੇ ਪ੍ਰਦਾਨ ਕਰਦੇ ਹਾਂ ਜਿਸ ਵਿੱਚ ਡੇਟ੍ਰੋਇਟ ਡੀਜ਼ਲ, ਕਮਿੰਸ ਅਤੇ CAT ਸ਼ਾਮਲ ਹਨ।

ਪਾਰਟਸ ਲਈ ਵੇਲੋਸਿਟੀ ਕਿਉਂ ਚੁਣੋ?

- ਇੱਕ ਗਲੋਬਲ ਡੀਲਰ ਨੈੱਟਵਰਕ ਤੱਕ ਪਹੁੰਚ
- ਡਿਲੀਵਰੀ ਅਤੇ ਸਹਾਇਤਾ ਲਈ ਸਮਰਪਿਤ ਬਾਹਰੀ ਪ੍ਰਤੀਨਿਧ
- ਅਸੈਸਰੀਜ ਅਤੇ ਕਸਟਮਾਈਜੇਸ਼ਨ ਆਪਸ਼ਨਜ
- ਸਾਡੀ ਮਾਹਰ ਸੇਵਾ ਟੀਮ ਦੁਆਰਾ ਇੰਸਟਾਲੇਸ਼ਨ ਸਰਵਿਸ

PART SPECIALS

Monthly Specials
ਨਾਲ ਲੋੜੀਂਦੇ ਪੁਰਜ਼ਿਆਂ
ਤੇ ਬੱਚਤ ਕਰੋ!

DTNA Parts | ALLIANCE TRUCK PARTS | Cummins | DETROIT

ਆਸਾਨੀ ਨਾਲ ਪਾਰਟਸ ਆਰਡਰ ਕਰੋ

ਐਕਸਲੇਰੇਟਰਪਾਰਟਸ ਡਾਟ ਕਾਮ ਅਤੇ ਇਨਰ ਸਰਕਲ ਰਿਵਾਰਡਸਐਸਐਮ
ਪ੍ਰੋਗਰਾਮ ਰਾਹੀਂ, ਪਾਰਟਸ ਆਰਡਰ ਕਰਨਾ ਕਦੇ ਵੀ ਸੌਖਾ ਨਹੀਂ ਰਿਹਾ:

* ਪਾਰਟਸ 'ਤੇ ਵੱਧ ਤੋਂ ਵੱਧ ਛੋਟ
* ਵਿਸ਼ੇਸ਼ ਪੇਸ਼ਕਸ਼ਾਂ ਅਤੇ ਵਾਰ-ਵਾਰ ਪ੍ਰੋਮੋਸ਼ਨ
* ਤੇਜ਼, ਸਰਲ VIN-ਅਧਾਰਤ ਆਰਡਰ

ਅੱਜ ਹੀ ਇਨਰ ਸਰਕਲ ਰਿਵਾਰਡਸ ਵਿੱਚ ਸ਼ਾਮਲ ਹੋਵੋ। ਬੱਚਤ ਸ਼ੁਰੂ ਕਰਨ
ਲਈ ਆਪਣੇ ਵੇਲੋਸਿਟੀ ਪਾਰਟਸ ਪ੍ਰਤੀਨਿਧੀ ਨਾਲ ਸੰਪਰਕ ਕਰੋ।

EXCELERATOR℠
INNER CIRCLE REWARDS

Search, Find, Buy
ExceleratorParts.com

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

Call: 672-727-9560

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada



ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਪ੍ਰੋਗਰਾਮਾਂ ਦਾ ਵੇਰਵਾ

ਇਸ ਹਫਤੇ ਗੁਰੂਘਰ ਵਿਖੇ ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ, ਜਨਮ ਦਿਨ ਭਗਤ ਕਬੀਰ ਜੀ, ਸੰਤ ਤੇਜਾ ਸਿੰਘ, ਸ਼ਹੀਦੀ ਭਾ: ਗੁਰਦੇਵ ਸਿੰਘ ਦੇਬੂ(ਧੀਰਪੁਰ), ਬਰਸੀ ਮਹਾਰਾਜਾ ਰਣਜੀਤ ਸਿੰਘ ਜੀ ਮਨਾਏ ਜਾਣਗੇ।

*3 ਜੁਲਾਈ ਦਿਨ ਸ਼ੁੱਕਰਵਾਰ 9 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ:
(1)ਪਿੰਡ ਜੀਦੋਵਾਲ ਸੰਗਤ ਵੱਲੋਂ (2)ਪਿੰਡ ਮੌਲਾ ਵਾਹਿਦ ਸੰਗਤ ਵੱਲੋਂ 3)ਭਾ: ਗੁਰ ਇਕਬਾਲ ਸਿੰਘ (4)ਭਾ: ਹੀਰਾ ਸਿੰਘ ਗਿੱਲ (5)ਮੀਰੀ ਪੀਰੀ ਦਿਵਸ ਤੇ ਸਮੂਹ ਟਰੱਕਾਂ ਵਾਲੇ ਵੀਰਾਂ ਵੱਲੋਂ (6)ਪਿੰਡ ਦੀਪਗੜ੍ਹ ਸੰਗਤ ਵੱਲੋਂ (7)ਇੰਟਰਮੋਡ ਐਕਸ ਕੰਪਨੀ ਵੱਲੋਂ (8)ਭਾ: ਹਰਗੁਰਜਾਪ ਸਿੰਘ ਸੰਘਾ (9)ਭਾ:ਅਵਤਾਰ ਸਿੰਘ ਗਿੱਲ ਵੱਲੋਂ
*3 ਜੁਲਾਈ ਦਿਨ ਸ਼ੁੱਕਰਵਾਰ ਸੁਖਮਨੀ ਸਾਹਿਬ ਦੇ ਪਾਠ ਭਾਈ ਪਰਮਜੀਤ ਸਿੰਘ ਨਿੱਝਰ ਪਰਿਵਾਰ ਵੱਲੋਂ
*4 ਜੁਲਾਈ ਦਿਨ ਸ਼ਨਿੱਚਰਵਾਰ 3 ਵਜੇ ਫਿਊਨਰਲ ਮਾਤਾ ਭਜਨ ਕੌਰ ਪੰਮਾ, ਅੰਤਿਮ ਅਰਦਾਸ 5:00 ਵਜੇ
*4 ਜੁਲਾਈ ਦਿਨ ਸ਼ਨਿੱਚਰਵਾਰ ਭੋਗ ਸਹਿਜ ਪਾਠ ਸਾਹਿਬ ਬੀ: ਰਾਜਵਿੰਦਰ ਕੌਰ ਪਰਿਵਾਰ ਵੱਲੋਂ
*5 ਜੁਲਾਈ ਦਿਨ ਐਤਵਾਰ ਸੁਖਮਨੀ ਸਾਹਿਬ ਦੇ ਪਾਠ ਭਾਈ ਮਨਿੰਦਰ ਸਿੰਘ ਢਿੱਲੋਂ ਪਰਿਵਾਰ ਵੱਲੋਂ।

ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ

ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ

ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਸੁਖ ਸਾਗਰ ਨਿਊਵੈਸਟ ਵੱਲੋਂ ਕਰਵਾਏ ਗਏ ਸਾਲਾਨਾ ਨਗਰ ਕੀਰਤਨ ਦੀਆਂ ਝਲਕੀਆਂ

ਗੁਰਦਵਾਰਾ ਨਾਨਕ ਨਿਵਾਸ



8600 - NO. 5 RD., RICHMOND, B.C. • TEL: (604)274-7479, FAX: (604) 274-0046

ਆਉਣ ਵਾਲੇ ਪ੍ਰੋਗਰਾਮ

ਵਿਸ਼ੇਸ਼ ਪ੍ਰੋਗਰਾਮ

ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ॥
ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ॥

ਜੌਹਲ ਪਰਿਵਾਰ ਵੱਲੋਂ ਸ. ਆਸਾ ਸਿੰਘ ਜੌਹਲ, ਰੂਪ ਜੌਹਲ ਅਤੇ ਸੰਜੇ ਜੌਹਲ ਦੀ ਸਲਾਨਾ ਬਰਸੀ ਦੇ ਸਬੰਧ ਵਿੱਚ ਉਨ੍ਹਾਂ ਦੀ ਮਿੱਠੀ ਨਿੱਘੀ ਯਾਦ ਮਨਾਉਂਦਿਆ ਹੋਇਆ ਪਰਿਵਾਰ ਵੱਲੋਂ ਕੁਝ ਸਮਾਂ ਪਹਿਲਾਂ ਸ੍ਰੀ ਸਹਿਜ ਪਾਠ ਸਾਹਿਬ ਆਰੰਭ ਕੀਤੇ ਗਏ ਸਨ ਜਿਨ੍ਹਾਂ ਦੇ ਭੋਗ 12 ਜੁਲਾਈ ਦਿਨ ਐਤਵਾਰ ਸਵੇਰੇ10 ਵਜੇ ਪਾਏ ਜਾਣਗੇ, ਉਪਰੰਤ ਉਨ੍ਹਾਂ ਦੀ ਯਾਦ ਮਨਾਉਂਦਿਆ ਗੁਰਬਾਣੀ ਕੀਰਤਨ, ਕਥਾ ਵਿਚਾਰ ਤੇ ਸੰਗਤਾਂ ਲਈ ਲੰਗਰਾਂ ਦੀ ਸੇਵਾ ਜੌਹਲ ਪਰਿਵਾਰ ਵੱਲੋਂ ਹੋਵੇਗੀ।

ਵਿਸ਼ੇਸ਼ ਪ੍ਰੋਗਰਾਮ

ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਮਿੱਠਾਪੁਰ ਸੰਗਤਾਂ, ਜ਼ਿਲ੍ਹਾ ਜਲੰਧਰ ਅਤੇ ਸਮੂਹ ਇਲਾਕਾ ਨਿਵਾਸੀਆਂ ਵੱਲੋ, ਬੀ.ਸੀ (ਕੈਨੇਡਾ) ਵਿਚ ਵਸਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਜਾ ਰਹੇ ਹਨ।3 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਅਖੰਡਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 5 ਜੁਲਾਈ ਦਿਨ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਗੁਰਬਾਣੀ ਕੀਰਤਨ ਤੇ ਕਥਾ ਵਿਚਾਰ ਹੋਣਗੇ।ਤਿੰਨੇ ਦਿਨ ਲੰਗਰਾਂ ਦੀ ਸੇਵਾ ਮਿੱਠਾਪੁਰ ਸੰਗਤਾਂ ਵੱਲੋਂ ਹੋਵੇਗੀ।

1 ਜੁਲਾਈ ਦਿਨ ਬੁੱਧਵਾਰ ਸਵੇਰੇ 10 ਵਜੇ ਕਸ਼ਮੀਰ ਸਿੰਘ ਗੋਸਲ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

2 ਜੁਲਾਈ ਦਿਨ ਵੀਰਵਾਰ ਸਵੇਰੇ 10 ਵਜੇ ਸੁਖਰਾਜ ਕੌਰ ਬਸਰਾ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

3 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਤੇਜਇੰਦਰਪਾਲ ਢਿੱਲੋਂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

5 ਜੁਲਾਈ ਦਿਨ ਐਤਵਾਰ ਦੁਪਹਿਰ 3:30 ਵਜੇ ਉੱਪਲ ਪਰਿਵਾਰ ਵੱਲੋਂ ਹਰਭਜਨ ਕੌਰ ਉੱਪਲ ਨਮਿਤ ਰਖਾਏ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਗੁਰਬਾਣੀ ਕੀਰਤਨ, ਅੰਤਮ ਅਰਦਾਸ ਅਤੇ ਲੰਗਰਾਂ ਦੀ ਸੇਵਾ ਉੱਪਲ ਪਰਿਵਾਰ ਵੱਲੋਂ ਹੋਵੇਗੀ।

5 ਜੁਲਾਈ ਦਿਨ ਐਤਵਾਰ ਸ਼ਾਮ 5 ਵਜੇ ਮਾਈਕ ਡੋਡ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਜੀ ਦੇ ਪਾਠ ਸਹਿਜ ਪਾਠ ਭੋਗ ਉਪਰੰਤ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਪਰਿਵਾਰ ਵੱਲੋਂ ਹੋਵੇਗੀ।

6 ਜੁਲਾਈ ਦਿਨ ਸੋਮਵਾਰ ਸਵੇਰੇ 10 ਵਜੇ ਜਗਜੀਤ ਸਿੰਘ ਦੁੱਗਲ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

7 ਜੁਲਾਈ ਦਿਨ ਮੰਗਲਵਾਰ ਸਵੇਰੇ 10 ਵਜੇ ਗੁਰਮੀਤ ਸੰਘੇੜਾ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

8 ਜੁਲਾਈ ਦਿਨ ਬੁੱਧਵਾਰ ਸਵੇਰੇ 10 ਵਜੇ ਦਵਨੀਸ਼ ਸਿੰਘ ਪਰਿਵਾਰ ਵੱਲੋਂ ਆਨੰਦ ਕਾਰਜ ਰਸਮ ਹੋਵੇਗੀ।

9 ਜੁਲਾਈ ਦਿਨ ਵੀਰਵਾਰ ਸਵੇਰੇ 10 ਵਜੇ ਅਵਤਾਰ ਸਿੰਘ ਜੌਸਨ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

10 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਗੁਰਜੀਤ ਸਿੰਘ ਸੰਧੂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

11 ਜੁਲਾਈ ਦਿਨ ਸ਼ਨੀਵਾਰ ਸਵੇਰੇ 10 ਵਜੇ ਅਮਰਜੀਤ ਸਿੰਘ ਢੱਡਵਾਲ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

12 ਜੁਲਾਈ ਦਿਨ ਐਤਵਾਰ ਸ਼ਾਮ 5 ਵਜੇ ਹਰਭਜਨ ਸਿੰਘ ਭੱਚੂ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਗੁਰਬਾਣੀ ਕੀਰਤਨ ਤੇ ਲੰ ਗਰਾਂ ਦੀ ਸੇਵਾ ਪਰਿਵਾਰ ਵੱਲੋਂ ਹੋਵੇਗੀ।

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ।ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।

ਜਰੂਰੀ ਸੂਚਨਾ: ਪੰਜਾਬੀ ਸਕੂਲ ਦੀਆਂ ਕਲਾਸਾਂ 28 ਜੂਨ ਨੂੰ ਖਤਮ ਹੋ ਰਹੀਆਂ ਹਨ।ਅਗਲਾ ਸੈਸ਼ਨ ਸਤੰਬਰ ਵਿਚ ਸ਼ੁਰੂ ਹੋਵੇਗਾ।ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ, ਪੜ੍ਹ ਤੇ ਲਿਖ ਸਕਣ।ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ

ਰੋਜ਼ਾਨਾ ਪ੍ਰੋਗਰਾਮ:

ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ

ਸ਼ਾਮ ਦੇ ਦੀਵਾਨ:

ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ ਸੁਖਆਸਣ ਰਾਤ 8:00 ਵਜੇ

ਪ੍ਰਧਾਨ	ਖਜ਼ਾਨਚੀ	ਸਕੱਤਰ	ਸਹਾਇਕ ਸਕੱਤਰ
ਮੋਹਨ ਸਿੰਘ ਸੰਧੂ	ਕਮਲਜੀਤ ਸਿੰਘ ਦੁਸਾਂਝ	ਬਲਵੰਤ ਸਿੰਘ ਸੰਘੇੜਾ	ਕੰਵਰਜੀਤ ਸਿੰਘ ਸਹੋਤਾ

ਗੁਰਦੁਆਰਾ ਸਾਹਿਬ ਦਾ ਫੋਨ:604-274-7479

Email:iccc8600@gmail.com

ਕਾਕਰੋਚ ਪਾਰਟੀ 'ਟੁਕੜੇ-ਟੁਕੜੇ' ਗੈਂਗ:ਨਬੀਨ

ਨਵੀਂ ਦਿੱਲੀ:-ਭਾਰਤੀ ਜਨਤਾ ਪਾਰਟੀ ਨੇ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) 'ਤੇ ਆਪਣਾ ਹਮਲਾ ਤੇਜ਼ ਕਰ ਦਿੱਤਾ ਹੈ, ਜਿਸ ਵਿੱਚ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ ਇਸ ਨੂੰ 'ਵਾਇਰਸ ਅਤੇ ਕਾਕਰੋਚ' ਗਰੋਹ ਦੱਸਿਆ, ਜੋ ਦੇਸ਼ ਨੂੰ ਕਮਜ਼ੋਰ ਕਰਨਾ ਅਤੇ ਵੰਡਣਾ ਚਾਹੁੰਦਾ ਹੈ। ਇਹ ਟਿੱਪਣੀ ਉਦੋਂ ਆਈ ਹੈ, ਜਦੋਂ ਸੀ ਜੇ ਪੀ ਨੇ ਨੀਟ-ਯੂ ਜੀ ਪੇਪਰ ਲੀਕ ਮਾਮਲੇ 'ਤੇ ਦਿੱਲੀ ਦੇ ਜੰਤਰ-ਮੰਤਰ 'ਤੇ ਆਪਣਾ ਵਿਰੋਧ ਪ੍ਰਦਰਸ਼ਨ ਜਾਰੀ ਰੱਖਿਆ ਹੋਇਆ ਹੈ।ਆਪਣੀ ਤੇਲੰਗਾਨਾ ਫੇਰੀ ਦੌਰਾਨ ਵਾਰੰਗਲ ਵਿਖੇ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਨਬੀਨ ਨੇ ਦੋਸ਼ ਲਗਾਇਆ ਕਿ ਸੀ ਜੇ ਪੀ ਵਰਗੇ ਸਮੂਹ ਦੇਸ਼ ਦੇ ਹਿੱਤਾਂ ਦੇ ਵਿਰੁੱਧ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ—ਦੇਸ਼ ਵਿੱਚ ਵਾਇਰਸ ਅਤੇ ਕਾਕਰੋਚ ਵਰਗੀਆਂ ਪਾਰਟੀਆਂ ਉਭਰ ਰਹੀਆਂ ਹਨ।ਇਹ ਉਹ ਲੋਕ ਹਨ, ਜੋ ਦੇਸ਼ ਨੂੰ ਖੋਖਲਾ ਕਰਨਾ ਚਾਹੁੰਦੇ ਹਨ। ਸਾਨੂੰ ਇਨ੍ਹਾਂ ਵਾਇਰਸਾਂ ਅਤੇ ਕਾਕਰੋਚ ਵਰਗੇ ਲੋਕਾਂ ਵੱਲ ਧਿਆਨ ਦੇਣ ਦੀ ਲੋੜ ਹੈ।ਇਹ ਗਰੋਹ ਦੇਸ਼ ਨੂੰ ਵੰਡਣਾ ਚਾਹੁੰਦਾ ਹੈ।ਉਹਨਾਂ ਕਿਹਾ ਕਿ ਇਹ ਉਹ ਲੋਕ ਹਨ, ਜੋ 'ਟੁਕੜੇ-ਟੁਕੜੇ ਗਰੋਹ' ਨਾਲ ਸੰਬੰਧਤ ਹਨ।ਇਨ੍ਹਾਂ ਨੂੰ ਭਾਜਪਾ ਸਬਕ ਸਿਖਾਏਗੀ ਤੇ ਪਾਰਟੀ ਦਾ ਹਰ ਵਰਕਰ ਇਸ ਨੂੰ ਯਕੀਨੀ ਬਣਾਏਗਾ।

NEW WORLD CANADA
IMMIGRATION SERVICES INC.

ਸੰਨ 2011 ਤੋਂ ਸਫਲਤਾਪੂਰਵਕ
ਚੱਲ ਰਿਹਾ ਕਨੇਡਾ ਵਿਚ ਇਮੀਗ੍ਰੇਸ਼ਨ
ਦਾ ਦਫ਼ਤਰ

ਵਧੇਰੇ ਜਾਣਕਾਰੀ ਲਈ
ਸੰਪਰਕ ਕਰੋ :
604-575-8000
Tel: 604-572-4000 FAX: 604-572-7268
Email: info@newworldcanada.ca
Unit #262 —12899 76TH Ave
Balwinderjit Singh Bassi
Certified Immigration Consultant
Member ICCRC

INDOOR WATER FALLS BY:
KALSI
Aluminum Products

• Patio Covers
• Sunrooms
• Aluminium & Glass Railing
• Fences
• Gate
• Security Bars
• Water Falls

Bring WATERFALL
In Your Office/House
Call a Professional Installer, Not A Salesman
604-763-5679
#108-13030-115Ave, Surrey, BC
www.kalsialuminum.com

ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
• Children & Ladies Problems and much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases
"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੱ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

THE CARPLAZA
CAR ACCESSORIES
All Types Of Car Accessories & Installation Available
ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ

*Seat Covers *Matts
*Woofers & Ambient Lights
*Android Car Player Available

Especially For Uber & Lyft Camera
778-977-0032, 778-713-6949
#5-12357-82A Ave, Surrey, BC

ਸ਼੍ਰੋਮਣੀ ਕਮੇਟੀ ਦਾ ਕੈਲੰਡਰ ਵਿਗਿਆਨ

ਸਿੱਖ ਪੰਥ ਦੇ ਕੇਦਰੀ ਅਸਥਾਨ, ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ, ਜਿਨ੍ਹਾਂ ਦੀ ਉਸਾਰੀ ਗੁਰੂ ਸਾਹਿਬ ਜੀ ਨੇ ਆਪਣੀ ਦੇਖ-ਰੇਖ ਹੇਠ ਕਰਵਾਈ ਸੀ। ਦਰਬਾਰ ਸਾਹਿਬ ਜੀ ਦੀ ਨੀਂਹ 1 ਮਾਘ, ਮਾਘ ਵਦੀ 5, ਸੰਮਤ 1645 ਬਿਕ੍ਰਮੀ (28 ਦਸੰਬਰ 1588 ਈ: ਜੂਲੀਅਨ) ਦਿਨ ਸ਼ਨਿਚਰਵਾਰ ਨੂੰ ਰੱਖੀ ਗਈ ਸੀ। ਅੱਜ ਵੀ ਇਹ ਦਿਹਾੜਾ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿੱਚ 1 ਮਾਘ (12 ਜਨਵਰੀ) ਦਾ ਹੀ ਦਰਜ ਹੈ। ਸਪੱਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਇਹ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ ਹੀ ਦਰਜ ਕਰਦੀ ਅਤੇ ਮਨਾਉਂਦੀ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਵੀ ਇਸੇ ਪ੍ਰਵਿਸ਼ਟੇ ਭਾਵ 1 ਮਾਘ ਨੂੰ ਮੁੱਖ ਰੱਖਿਆ ਗਿਆ ਹੈ। ਅਕਾਲ ਤਖਤ ਸਾਹਿਬ ਜੀ ਦਾ ਸਿਰਜਣਾ ਦਿਵਸ, ਭਾਵ ਥੜ੍ਹਾ ਸਾਹਿਬ ਦੀ ਉਸਾਰੀ ਦਾ ਆਰੰਭ 18 ਹਾੜ, ਹਾੜ ਵਦੀ 5, ਸੰਮਤ 1662 ਬਿਕ੍ਰਮੀ ਦਿਨ ਐਤਵਾਰ (15 ਜੂਨ 1606 ਈ: ਜੂਲੀਅਨ) ਨੂੰ ਹੋਇਆ ਸੀ। ਨਾਨਕਸ਼ਾਹੀ ਕੈਲੰਡਰ ਵਿੱਚ ਅੱਜ ਵੀ ਇਹ ਦਿਹਾੜਾ 18 ਹਾੜ ਦਾ ਹੀ ਦਰਜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਵੇਲੇ ਤੋਂ (ਸੰਮਤ 535 ਨਾਨਕਸ਼ਾਹੀ/ ਮਾਰਚ 2003 ਈ:) ਅੱਜ ਤਾਂਈ, ਹਰ ਸਾਲ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਣ ਦਾ ਦਿਹਾੜਾ 1 ਮਾਘ ਨੂੰ ਹੀ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਹੀ ਅਕਾਲ ਤਖਤ ਸਾਹਿਬ ਜੀ ਦਾ ਸਿਰਜਣਾ ਦਿਵਸ 535 ਨਾਨਕਸ਼ਾਹੀ (2003-04 ਈ:) ਤੋਂ ਸੰਮਤ 554 ਨਾਨਕਸ਼ਾਹੀ (2022-23) ਤੀਕ 18 ਹਾੜ ਨੂੰ ਮਨਾਇਆ ਜਾਂਦਾ ਰਿਹਾ ਹੈ। ਯਾਦ ਰਹੇ ਸ਼੍ਰੋਮਣੀ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਨੂੰ ਸੰਮਤ 542 ਨਨਾਕਸ਼ਾਹੀ ਵਿੱਚ (ਮਾਰਚ 2010 ਈ:) ਰੱਦ ਕਰਕੇ, ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ ਸੀ। ਪਰ ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ ਦਾ ਪ੍ਰਵਿਸ਼ਟਾ ਨਾਨਕਸ਼ਾਹੀ ਕੈਲੰਡਰ ਮੁਤਾਬਕ 18 ਹਾੜ ਹੀ ਰੱਖਿਆ ਸੀ।

ਅਕਾਲ ਤਖਤ ਸਾਹਿਬ ਜੀ ਨਾਲ ਸਬੰਧਿਤ ਹੀ ਇਕ ਹੋਰ ਦਿਹਾੜਾ ਹੈ ਉਹ ਹੈ, ਮੀਰੀ-ਪੀਰੀ ਦਿਵਸ। ਇਤਿਹਾਸਿਕ ਵਸੀਲਿਆਂ ਮੁਤਾਬਕ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਦੋ ਤਲਵਾਰਾਂ, 6 ਸਾਵਣ, ਹਾੜ ਸੁਦੀ 10, ਸੰਮਤ 1663 ਬਿਕ੍ਰਮੀ (5 ਜੁਲਾਈ 1606 ਈ: ਜੂਲੀਅਨ) ਦਿਨ ਸ਼ਨਿਚਰਵਾਰ ਨੂੰ ਧਾਰਨ ਕੀਤੀਆ ਗਈਆ ਸਨ। ਨਾਨਕਸ਼ਾਹੀ ਕੈਲੰਡਰ ਵਿੱਚ ਇਹ ਦਿਹਾੜਾ 6 ਸਾਵਣ (21 ਜੁਲਾਈ) ਦਾ ਹੀ ਦਰਜ ਹੈ। ਸ਼੍ਰੋਮਣੀ ਕਮੇਟੀ ਨੇ ਮਾਰਚ 2010 ਈ: ਵਿੱਚ ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰਨ ਵੇਲੇ ਇਹ ਦਿਹਾੜਾ 6 ਸਾਵਣ ਦਾ ਹੀ ਰੱਖਿਆ ਸੀ। ਪਰ ਮਾਰਚ 2015 ਈ: ਵਿੱਚ ਛਾਪੇ ਕੈਲੰਡਰ (547 ਨ: ਸ:) ਵਿੱਚ ਇਹ ਦਿਹਾੜਾ 11 ਸਾਵਣ (26 ਜੁਲਾਈ) ਦਾ ਦਰਜ ਕਰ ਦਿੱਤਾ। ਪੜਤਾਲ ਕਰਨ ਤੇ ਪਤਾ ਲੱਗਾ ਕਿ ਇਸ ਦਿਨ ਹਾੜ ਸੁਦੀ 10 ਸੀ। ਭਾਵ ਕਿ ਬਿਨਾ ਕਿਸੇ ਸਲ੍ਹਾ-ਮਸ਼ਵਰੇ ਦੇ, ਮੀਰੀ ਪੀਰੀ ਦਿਵਸ ਦੀ ਤਾਰੀਖ 6 ਸਾਵਣ ਤੋਂ ਬਦਲ ਕੇ ਹਾੜ ਸੁਦੀ 10 ਲਿਖ ਦਿੱਤੀ ਗਈ। ਇਸ ਦਾ ਕਾਰਨ ਜਾਨਣ ਲਈ, ਮੇਰੇ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਲਿਖੇ ਪੱਤਰ ਦਾ ਜਵਾਬ ਅੱਜ ਤਾਂਈ ਨਹੀਂ ਆਇਆ।

ਹੁਣ ਇਕ ਨਵੀ ਸਮੱਸਿਆ ਸਾਹਮਣੇ ਆ ਖੜੀ ਹੋਈ। ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਵਸ ਪ੍ਰਵਿਸ਼ਟਿਆਂ ਮੁਤਾਬਕ 18 ਹਾੜ ਅਤੇ ਮੀਰੀ ਪੀਰੀ ਦਿਵਸ ਵਦੀ-ਸੁਦੀ ਮੁਤਾਬਕ, ਹਾੜ ਸੁਦੀ 10 ਹੋਣ ਕਾਰਨ, ਹਰ ਸਾਲ ਇਨ੍ਹਾਂ ਦੋਵਾਂ ਦਿਹਾੜਿਆਂ ਦੇ ਦਿਨਾਂ ਦਾ ਅੰਤਰ ਵੱਖ-ਵੱਖ ਹੋਣਾ ਸੁਭਾਵਕ ਹੀ ਸੀ। ਹੈਰਾਨੀ ਤਾਂ ਕਮੇਟੀ ਵੱਲੋਂ ਛਾਪੇ ਗਏ ਸੰਮਤ 552 ਨਾਨਕਸ਼ਾਹੀ (ਮਾਰਚ 2020 ਈ:) ਦੇ ਕੈਲੰਡਰ ਨੂੰ ਵੇਖ ਕੇ ਹੋਈ, ਜਿਸ ਵਿੱਚ ਮੀਰੀ ਪੀਰੀ ਦਿਵਸ 17 ਹਾੜ ਅਤੇ ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ 18 ਹਾੜ ਦਾ ਦਰਜ ਸੀ। ਸ਼੍ਰੋਮਣੀ ਕਮੇਟੀ ਵੱਲੋਂ ਸੰਮਤ 554 ਨਾਨਕਸ਼ਾਹੀ ਦਾ



ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ	੧੧ ਹਾੜ
ਬਰਸੀ ਮਹਾਰਾਜਾ ਰਣਜੀਤ ਸਿੰਘ ਜੀ	੧੫ ਹਾੜ
ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ	੧੭ ਹਾੜ
ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ	੧੮ ਹਾੜ
ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ	੩੫ ਹਾੜ
ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ	੩੧ ਹਾੜ

ਕੈਲੰਡਰ ਜਾਰੀ ਕਰਨ ਪਿੱਛੋਂ, ਮੇਰੇ ਵੱਲੋਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਇਕ ਪੱਤਰ (14 ਮਾਰਚ 2022) ਲਿਖਿਆ ਗਿਆ ਸੀ। ਜਿਸ ਵਿੱਚ ਕਈ ਹੋਰ ਨੁਕਤਿਆਂ ਦੇ ਨਾਲ ਨਾਲ ਉਪ੍ਰੋਕਤ ਪ੍ਰਵਿਸ਼ਟਿਆਂ (17 ਹਾੜ ਅਤੇ 18 ਹਾੜ) ਦਾ ਜਿਕਰ ਵੀ ਕੀਤਾ ਗਿਆ ਸੀ, ਅਤੇ ਇਹ ਵੀ ਲਿਖਿਆ ਗਿਆ ਸੀ ਕਿ, "ਜੇ ਅਜੇ ਵੀ ਨਾ ਜਾਗੇ ਤਾਂ ਧਰਮ ਪ੍ਰਚਾਰ ਕਮੇਟੀ ਨੇ ਅਗਲੇ ਸਾਲ (ਸੰਮਤ 555 ਨਾਨਕਸ਼ਾਹੀ) ਦੇ ਕੈਲੰਡਰ ਵਿੱਚ ਮੀਰੀ-ਪੀਰੀ ਦਾ ਦਿਹਾੜਾ, ਥੜ੍ਹਾ ਸਾਹਿਬ ਦੀ ਉਸਾਰੀ (18 ਹਾੜ) ਤੋਂ 4 ਦਿਨ ਪਹਿਲਾ ਦਾ (14 ਹਾੜ) ਦਰਜ ਕਰ ਦੇਣਾ ਹੈ। ਦੱਸੋ, ਨਵੀਂ ਪੀੜੀ ਇਸ ਤੋਂ ਕੀ ਸੇਧ ਲਵੇਗੀ?"। ਮੈਨੂੰ ਆਸ ਸੀ ਕਿ ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ ਅਗਲੇ ਸਾਲ ਤੋਂ ਮੀਰੀ-ਪੀਰੀ ਦਿਵਸ ਨੂੰ ਅਸਲ ਪ੍ਰਵਿਸ਼ਟੇ ਮੁਤਾਬਕ 6 ਸਾਵਣ ਦਾ ਦਰਜ ਕਰੇਗੀ। ਪਰ ਹੋਇਆ ਇਸ ਤੋਂ ਉਲਟ, ਕਮੇਟੀ ਨੇ ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਵਸ 18 ਹਾੜ ਤੋਂ ਬਦਲ ਕੇ ਵਦੀ-ਸੁਦੀ ਮੁਤਾਬਕ ਹਾੜ ਵਦੀ 5 ਦਾ ਦਰਜ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 14 ਮਾਰਚ 2010 ਈ: ਤੋਂ ਲਾਗੂ ਕੀਤੇ ਗਏ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕ ਗਿਣਤ ਸਿਧਾਂਤ), ਜਿਸ ਨੂੰ ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ (ਭਾਈ ਹਰਨਾਮ ਸਿੰਘ ਧੁੰਮਾ ਅਤੇ ਜਥੇਦਾਰ ਅਵਤਾਰ ਸਿੰਘ ਮੱਕੜ) ਦੇ ਨਾਮ ਨਾਲ (ਧੁਮੱਕੜਸ਼ਾਹੀ ਕੈਲੰਡਰ) ਯਾਦ ਕੀਤਾ ਜਾਂਦਾ ਹੈ, ਵਿੱਚ ਕੁਝ ਦਿਹਾੜੇ ਵਦੀ-ਸੁਦੀ ਮੁਤਾਬਕ (ਸਾਲ ਦੀ ਲੰਬਾਈ 354.37 ਦਿਨ, ਚੋਥੇ ਸਾਲ 385 ਦਿਨ) ਕੁਝ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ (ਸਾਲ ਦੀ ਲੰਬਈ 1964 ਈ: ਤੋਂ ਪਹਿਲਾ 365.2587 ਦਿਨ ਅਤੇ 1964 ਈ: ਤੋਂ ਪਿਛੋਂ 365.2563 ਦਿਨ) ਅਤੇ ਕੁਝ ਦਿਹਾੜੇ ਅੰਗਰੇਜੀ ਕੈਲੰਡਰ (ਸਾਲ ਦੀ ਲੰਬਾਈ 1752 ਈ:ਤੋਂ ਪਹਿਲਾ 365.25 ਦਿਨ, ਪਿੱਛੋਂ 365.2425 ਦਿਨ) ਦਰਜ ਕੀਤੇ ਜਾਂਦੇ ਹਨ। ਯਾਦ ਰਹੇ ਜੂਲੀਅਨ ਕੈਲੰਡਰ ਕਦੋਂ ਵੀ ਆਪਣੇ ਦੇਸ਼ ਵਿੱਚ ਲਾਗੂ ਨਹੀਂ ਰਿਹਾ। ਅੰਗਰੇਜਾਂ ਦੇ ਆਉਣ ਪਿਛੋਂ ਆਪਣੇ ਦੇਸ਼ ਵਿੱਚ ਗਰੈਗੋਰੀਅਨ ਕੈਲੰਡਰ (365.2425 ਦਿਨ) ਹੀ ਆਇਆ ਸੀ। ਹੁਣ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ, ਕਿ ਹਰ ਸਾਲ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਣ ਦਾ ਦਿਹਾੜਾ ਪ੍ਰਵਿਸ਼ਟਿਆ ਮੁਤਾਬਕ 1 ਮਾਘ ਨੂੰ ਮਨਾਉਣ ਨਾਲ ਜੇ ਕੋਈ ਮਰਯਾਦਾ ਭੰਗ ਨਹੀਂ ਹੋਈ ਤਾਂ ਸਿਰਜਣਾ ਦਿਵਸ ਅਕਾਲ ਤਖਤ ਸਾਹਿਬ 18 ਹਾੜ, ਅਤੇ ਮੀਰੀ ਪੀਰੀ ਦਿਵਸ 6 ਸਾਵਣ ਨੂੰ ਮਨਾਉਣ ਨਾਲ ਗੁਰਮਤਿ ਅਤੇ ਇਤਿਹਾਸ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੋਵੇਗੀ? ਖਾਲਸਾ ਜੀ ਜਾਗੋਂ!

ਸਰਬਜੀਤ ਸਿੰਘ ਸੈਕਰਾਮੈਂਟੋ

ਕੌਮੀ ਇਨਸਾਫ਼ ਮੋਰਚਾ 4 ਜੁਲਾਈ ਨੂੰ ਰੇਲਾਂ ਰੋਕੇਗਾ:ਪੰਜੋਲੀ

ਕੌਮੀ ਇਨਸਾਫ਼ ਮੋਰਚੇ ਦੀ ਇੱਥੇ ਗੁਰਦੁਆਰੇ ਵਿੱਚ ਮੀਟਿੰਗ ਹੋਈ। ਮੀਟਿੰਗ ਤੋਂ ਬਾਅਦ ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਕਾਲੀ ਸੂਚੀ ਖ਼ਤਮ ਕਰਨ ਲਈ 4 ਜੁਲਾਈ ਨੂੰ ਦੁਪਹਿਰ 11 ਤੋਂ 2 ਵਜੇ ਤੱਕ ਮਾਧੋਪੁਰ (ਸਰਹਿੰਦ) ਵਿੱਚ ਰੇਲਾਂ ਰੋਕੀਆਂ ਜਾਣਗੀਆਂ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਦੀਆਂ ਸਰਕਾਰਾਂ ਸਿੱਖ ਪੰਥ ਨਾਲ ਵਿਤਕਰਾ ਕਰ ਕੇ ਗ਼ੁਲਾਮੀ ਦਾ ਅਹਿਸਾਸ ਕਰਵਾ ਰਹੀਆਂ ਹਨ। ਉਨ੍ਹਾਂ ਦੱਸਿਆ ਬੰਦੀ ਸਿੰਘਾਂ ਨੇ ਅਦਾਲਤਾਂ ਵੱਲੋਂ ਦਿੱਤੀਆਂ ਸਜ਼ਾਵਾਂ ਭੁਗਤ ਲਈਆਂ ਪਰ ਕਿਸੇ ਵੀ ਸਰਕਾਰ ਨੇ ਉਨ੍ਹਾਂ ਨੂੰ ਰਿਹਾਅ ਨਹੀਂ ਕਰਵਾਇਆ। ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਆਪਣੀ ਬਿਰਧ ਮਾਤਾ ਨੂੰ ਮਿਲਣ ਦੀ ਆਗਿਆ ਨਹੀਂ ਦਿੱਤੀ ਜਾ ਰਹੀ, ਬਲਵੰਤ ਸਿੰਘ ਰਾਜੋਆਣੇ ਨੇ 17 ਸਾਲ ਫਾਂਸੀ ਦੀ ਕੋਠੜੀ ਵਿਚ ਕੱਟ ਲਏ ਹਨ। ਸ੍ਰੀ ਪੰਜੋਲੀ ਨੇ ਦੱਸਿਆ ਕਿ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਕਰੀਬ 20 ਹਜ਼ਾਰ ਸਿੱਖ ਜਲਾਵਤਨ ਹਨ ਜਿਨ੍ਹਾਂ ਦੇ ਨਾਂ ਭਾਰਤ ਸਰਕਾਰ ਨੇ ਕਾਲੀ ਸੂਚੀ ਵਿੱਚ ਦਰਜ ਕੀਤੇ ਹਨ ਉਹ ਆਪਣੀ ਜਨਮ ਭੂਮੀ ਪੰਜਾਬ ਵਿਚ ਆਉਂਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਰੋਕਿਆ ਜਾ ਰਿਹਾ ਹੈ ਜਦੋਂਕਿ ਉਨ੍ਹਾਂ ਖ਼ਿਲਾਫ਼ ਕੋਈ ਵੀ ਕੇਸ ਨਹੀਂ।

Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ। ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ। ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
B.Sc., L.L.B (UBC)

RM TRIAL LAWYERS
MANDEEP RANDHAWA LAW CORPORATION

T 604 449 7500

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

ਸ਼ਾਹ ਨੇ ਰਾਮ ਲੱਲਾ ਦੇ ਦਰਸ਼ਨ ਕੀਤੇ ਨਹੀਂ, ਵੋਟਾਂ ਬਟੋਰੀਆਂ

ਨਵੀਂ ਦਿੱਲੀ -ਰਾਮ ਮੰਦਰ ਫੰਡ ਘੁਟਾਲੇ ਅਤੇ ਉਸ ਤੋਂ ਬਾਅਦ ਹੋਈ ਕਾਰਵਾਈ ਨੂੰ ਲੈ ਕੇ ਚੱਲ ਰਹੇ ਵਿਵਾਦ ਦੇ ਵਿਚਕਾਰ ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ ਨੇ ਇਹ ਸਵਾਲ ਕਰਦਿਆਂ ਨਵੀਂ ਬਹਿਸ ਛੇੜ ਦਿੱਤੀ ਹੈ ਕਿ ਕੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਭਗਵਾਨ ਸ੍ਰੀ ਰਾਮ ਦੇ ਦਰਸ਼ਨ ਕਰਨ ਲਈ ਅਯੁੱਧਿਆ ਦੇ ਰਾਮ ਮੰਦਰ ਗਏ ਹਨ? ਕੇਜਰੀਵਾਲ ਨੇ ਕਿਹਾ ਕਿ ਸ੍ਰੀ ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਨੂੰ ਢਾਈ ਸਾਲ ਹੋ ਗਏ ਹਨ, ਇਨ੍ਹਾਂ ਢਾਈ ਸਾਲਾਂ ਵਿੱਚ ਸ਼ਾਹ ਨੇ ਇੱਕ ਵਾਰ ਵੀ ਭਗਵਾਨ ਰਾਮ ਦੇ ਦਰਸ਼ਨ ਨਹੀਂ ਕੀਤੇ। ਇਨ੍ਹਾਂ ਢਾਈ ਸਾਲਾਂ ਵਿੱਚ ਉਨ੍ਹਾ ਆਪਣੇ ਭਾਸ਼ਣਾਂ ਅਤੇ ਇੰਟਰਵਿਊਜ਼ ਵਿੱਚ 42 ਤੋਂ ਵੱਧ ਵਾਰ ਭਗਵਾਨ ਰਾਮ ਅਤੇ ਮੰਦਰ ਦਾ ਜ਼ਿਕਰ ਕੀਤਾ, ਵਾਰ-ਵਾਰ ਰਾਮ ਅਤੇ ਮੰਦਰ ਦੇ ਨਾਂਅ 'ਤੇ ਵੋਟਾਂ ਮੰਗੀਆਂ, ਪਰ ਉਹ ਉੱਥੇ ਕਦੇ ਨਹੀਂ ਗਏ।

ਕੇਜਰੀਵਾਲ ਨੇ ਕਿਹਾ ਕਿ ਸ੍ਰੀ ਰਾਮ ਮੰਦਰ ਦੇ ਪਵਿੱਤਰ ਅਭਿਸ਼ੇਕ ਸਮਾਰੋਹ ਨੂੰ 891 ਦਿਨ ਹੋ ਗਏ ਹਨ। ਇਨ੍ਹਾਂ 891 ਦਿਨਾਂ ਵਿੱਚ ਅਮਿਤ ਸ਼ਾਹ ਰਾਮ ਲੱਲਾ ਦੇ ਦਰਸ਼ਨ ਕਰਨ ਲਈ ਸ੍ਰੀ ਰਾਮ ਮੰਦਰ ਨਹੀਂ ਗਏ। ਕਿਉਂ? ਉਨ੍ਹਾਂ (ਭਾਜਪਾ) ਲਈ ਰਾਮ ਸਿਰਫ ਸੱਤਾ ਹਾਸਲ ਕਰਨ ਅਤੇ ਪੈਸਾ ਕਮਾਉਣ ਦਾ ਇੱਕ ਸਾਧਨ ਹੈ। ਉਨ੍ਹਾਂ ਨੂੰ ਰਾਮ ਵਿੱਚ ਕੋਈ ਵਿਸ਼ਵਾਸ ਨਹੀਂ। ਕੇਜਰੀਵਾਲ ਨੇ ਸ਼ਾਹ ਨੂੰ ਪੰਜ ਸਵਾਲ ਕੀਤੇ ਹਨ : ਤੁਸੀਂ ਅਜੇ ਤੱਕ ਰਾਮ ਮੰਦਰ ਕਿਉਂ ਨਹੀਂ ਗਏ? ਕੀ ਤੁਹਾਡਾ ਭਗਵਾਨ ਰਾਮ ਦੇ ਦਰਸ਼ਨ ਕਰਨ ਦਾ ਮਨ ਨਹੀਂ ਕਰਦਾ? ਕੀ ਤੁਹਾਡਾ ਰਾਮ ਮੰਦਰ ਜਾਣ ਦਾ ਮਨ ਨਹੀਂ ਕਰਦਾ? ਕੀ ਤੁਸੀਂ ਭਗਵਾਨ ਰਾਮ ਦਾ ਆਸ਼ੀਰਵਾਦ ਨਹੀਂ ਚਾਹੁੰਦੇ? ਕੀ ਤੁਸੀਂ ਮੰਨਦੇ ਹੋ ਕਿ ਰਾਮ ਪਰਮਾਤਮਾ ਹੈ?

Home Improvement

ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200

TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2x3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।
ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ
ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
604-729-3225
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

SINGH RAJ
RENOVATION CO.
We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
SPECIALISTS IN
Maintain+Repair & New Installation
Reasonable Rates
20Yrs Exprienced
Call Raj: 778-229-9261

STORM
ELECTRIC LTD.
Residential & Commercial
Licenced & Bonded
*All Kinds Of Electrical Service
*Best Rate
*Friendly Service
*Quality Workmanship
Mandeep Dhaliwal
(Certified Electrician)
778-994-7207
Email:stormelectricltd@gmail.com

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ
Contact for Kitchen Cabinet & Counter Tops in Homes
ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
236-234-4081

ਸੈਂਟਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ: 604-725-6270

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੂਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

ਨਿੰਦਾਜਨਕ ਹੈ ਫਾਰੂਕਾਬਾਦ ਦੇ ਗੁਰੂ-ਘਰ 'ਤੇ ਹਮਲਾ

ਲਹੌਰ:-ਪਾਕਿਸਤਾਨੀ ਸ਼ਹਿਰ ਫਾਰੂਕਾਬਾਦ ਵਿਚ ਗੁਰਦੁਆਰਾ ਸਿੰਘ ਸਭਾ ਦੀ ਇਮਾਰਤ ਢਾਹੇ ਜਾਣ ਦੀ ਘਟਨਾ ਤੋਂ ਸਿੱਖ ਭਾਈਚਾਰੇ ਵਿਚ ਸਖ਼ਤ ਰੋਸ ਹੋਣਾ ਸੁਭਾਵਿਕ ਹੈ। ਇਸ ਇਮਾਰਤ ਦੀ ਵਿਆਪਕ ਤੋੜ-ਫੋੜ 24 ਤੇ 25 ਜੂਨ ਦੀ ਦਰਮਿਆਨੀ ਰਾਤ ਨੂੰ ਕੀਤੀ ਗਈ। ਪਾਕਿਸਤਾਨੀ ਅਧਿਕਾਰੀਆਂ ਦਾ ਦਾਅਵਾ ਹੈ ਕਿ 'ਸ਼ਰਾਰਤੀਆਂ' ਨੇ ਗੁਰਦੁਆਰੇ ਦਾ ਸਿਰਫ਼ ਗੁੰਬਦ ਢਾਹਿਆ, ਪਰ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਵੀਡੀਓਜ਼ 125 ਸਾਲ ਪੁਰਾਣੀ ਇਮਾਰਤ ਨੂੰ ਖੰਡਰਾਤ ਵਿਚ ਬਦਲਿਆ ਦਿਖਾਉਂਦੀਆਂ ਹਨ। ਸਥਾਨਕ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਹਮਲੇ ਪਿੱਛੇ ਭੂ-ਮਾਫ਼ੀਆ ਦਾ ਹੱਥ ਹੈ। ਇਸੇ ਲਈ ਇਮਾਰਤ ਢਾਹੇ ਜਾਣ ਦੀ ਕਾਰਵਾਈ ਰੁਕਵਾ ਕੇ ਇਸ ਇਮਾਰਤ ਨੂੰ ਸੀਲ ਕਰ ਦਿਤਾ ਗਿਆ ਹੈ। ਪਾਕਿਸਤਾਨੀ ਸਿੱਖਾਂ ਦੇ ਨੁਮਾਇੰਦਿਆਂ ਨੇ ਇਸ ਸਬੰਧ ਵਿਚ ਸੂਬਾ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਤੋਂ ਮੰਗ ਕੀਤੀ ਹੈ ਕਿ ਸਮੁੱਚੇ ਮਾਮਲੇ ਦੀ ਉੱਚ-ਪੱਧਰੀ ਪੜਤਾਲ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਛੇਤੀ ਕਾਬੂ ਕੀਤਾ ਜਾਵੇ।ਇਹ ਦੋਸ਼ ਵੀ ਸੋਸ਼ਲ ਮੀਡੀਆ ਰਾਹੀਂ ਸਾਹਮਣੇ ਆਏ ਹਨ ਕਿ ਫਾਰੂਕਾਬਾਦ ਦੇ ਕੁੱਝ ਮਿਉਂਸਿਪਲ ਅਫ਼ਸਰਾਨ ਨੇ ਇਕ ਕਰੋੜ ਰੁਪਏ ਦੀ ਕਥਿਤ ਰਿਸ਼ਵਤ ਬਦਲੇ ਗੁਰਦੁਆਰਾ ਢਾਹੇ ਜਾਣ ਦੀ ਇਜਾਜ਼ਤ ਦਿਤੀ। ਅਜਿਹੇ ਦੋਸ਼ਾਂ ਤੋਂ ਉਲਟ ਮਿਉਂਸਿਪਲ ਅਫ਼ਸਰਾਨ ਦਾ ਦਾਅਵਾ ਹੈ ਕਿ ਸਾਂਭ-ਸੰਭਾਲ ਦੀ ਅਣਹੋਂਦ ਕਾਰਨ ਗੁਰਦੁਆਰੇ ਦੀ ਇਮਾਰਤ ਪਹਿਲਾਂ ਹੀ ਜਰਜਰ ਹੋ ਚੁੱਕੀ ਸੀ। ਇਸ ਕਰ ਕੇ ਨੁਕਸਾਨ ਜ਼ਿਆਦਾ ਨਜ਼ਰ ਆਉਂਦਾ ਹੈ। ਉਂਜ, ਇਹ ਜ਼ਰੂਰ ਤਸਲੀਮ ਕੀਤਾ ਜਾ ਰਿਹਾ ਹੈ ਕਿ ਇਮਾਰਤ ਨੂੰ ਢਾਹੁਣ ਦਾ ਯਤਨ ਗ਼ੈਰਕਾਨੂੰਨੀ ਸੀ। ਅਜਿਹੀ ਤਸਲੀਮ ਦੇ ਬਾਵਜੂਦ ਕੋਈ ਗ੍ਰਿਫ਼ਤਾਰੀ ਨਾ ਹੋਣਾ ਜ਼ਾਹਰਾ ਤੌਰ 'ਤੇ ਦਿਆਨਤਦਾਰੀ ਦੀ ਘਾਟ ਵਲ ਸੈਨਤ ਕਰਦਾ ਹੈ।

Rai Express Lines Ltd.

Hiring

Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit

Karnail Singh Rai
President

Call today 604-503-6900

Email-kal@raiexpresslines.com www. raiexpressline.com

Unit 125-7475 135th Street, BC V3W 0M8

FRASERVIEW MEATS

The Name of Guaranteed Quality Meats

Number One Quality Meat in Lower Mainland

We also sell cooked chicken
We take orders for all occassion

Serving You Since 1993

Try our Special Chicken Tikkar

Jagir S. Nagra

604-592-2900

#102-12047-80th Ave. Surrey (Besides Mega Fruticana)
www.fraserviewmeats.com

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ

ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ

50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ

ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

778-928-4522, 778-565-4141, 778-565-3232

SHINEPRO
BC INDUSTRIES LTD.

Residential & Commercial

Interior / Exterior / Repaint

ਘਰਾਂ, ਕਮਰਸ਼ੀਅਲ
ਬਿਲਡਿੰਗਾਂ ਅਤੇ ਰੀਪੇਂਟ ਤੇ
ਸਪੈਸ਼ਲ ਡਿਸਕਾਊਂਟ

ਤਸੱਲੀਬਖਸ਼ ਕੰਮ
ਅਤੇ ਵਧੀਆ ਡੀਲ

***Tiles *Paving** ਟਾਈਲਾਂ ਅਤੇ ਪੇਵਿੰਗ ਦਾ ਕੰਮ ਵੀ ਕਰਦੇ ਹਾਂ

Contact: 12844 66B Ave, Surrey, BC

604-512-5001, 236-501-1001

ABHI FURNITURES LTD.

ਸਾਡੀ ਗਰੰਟੀ ਹੈ ਕਿ ਤੁਸੀ ਸਾਡੇ ਕੋਲ ਆ ਕੇ ਸਾਰੀਆਂ ਫਰਨੀਚਰ ਆਈਟਮ ਤੇ ਬੱਚਤਾਂ ਕਰੋਗੇ।

Free Delivery
BEST PRICES

ALL KINDS OF DESIGNER, MODERN AND CUSTOM FURNITURE

CANADA DAY SALE On All Products & Furniture

Ph: 604-710-3286, 604-502-2244

Web:abhiifurnitures.com Email:abhifurnituretd@gmail.com

#102-13030 115Ave, Surrey, BC Business Hours: Mon-Sat 11am to 6pm Sunday:Closed

Discover the Real Punjabi Tadka

Chawla's² SINCE 1960
The Famous Taste of Punjab

Veg & Non Veg

NOW OPEN
IN SURREY

ਲੁਧਿਆਣਾ ਦਾ ਮਸ਼ਹੂਰ
Chawla's Chicken
ਹੁਣ ਤੁਹਾਡੇ ਸ਼ਹਿਰ ਸਰੀ ਵਿਚ

Ph:778-637-0006

#107-8363 -128St, Surrey Hours:Wednesday to Monday 10AM to 12 AM Closed:Tuesday